ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post
Vol 18 *Issue 194 Wednesday, October 09, 2019 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

# ਘੱਟ ਗਿਣਤੀ ਨਹੀਂ ਅਸੀਂ ਮੈਜੋਰਿਟੀ ਸਰਕਾਰ ਬਣਾਉਣ ਵੱਲ ਵਧ ਰਹੇ ਹਾਂ : ਐਂਡ੍ਰਿਊ ਸ਼ੀਅਰ

ਮਿਸੀਸਾਗਾ, 8 ਅਕਤੂਬਰ (ਪੋਸਟ ਬਿਊਰੋ)- ਕੰਜ਼ਰਵੇਟਿਵ ਪਾਰਟੀ ਦੇ ਆਗੂ ਐਂਡ੍ਰਿਊ ਸ਼ੀਅਰ ਨੇ ਕੱਲ੍ਹ ਮਿਸੀਸਾਗਾ ਵਿਚ ਵੱਖ-ਵੱਖ ਉਮੀਦਵਾਰਾਂ ਦੇ ਹਿਮਾਇਤੀਆਂ ਨੂੰ ਸੰਬੋਧਨ ਕਰਨ ਤੋਂ ਬਾਅਦ ਐਥਨਿਕ ਮੀਡੀਆ ਦੇ ਪੱਤਰਕਾਰਾਂ ਨਾਲ ਗੋਲ ਮੇਜ ਵਾਰਤਾ ਦਾ ਆਯੋਜਨ ਕੀਤਾ। ਚਾਰ ਵਜੇ ਤੋਂ ਪੰਜ ਵਜੇ ਤੱਕ ਚੱਲੇ ਇਸ ਵਾਰਤਾਲਾਪ ਦਾ ਮੁੱਖ ਧਾਰਾ ਦੇ ਮੀਡੀਆ ਵਲੋਂ ਵੀ ਸਿੱਧਾ ਪ੍ਰਸਾਰਨ ਕੀਤਾ ਗਿਆ। ਇਸ ਵਾਰਤਾਲਾਪ 'ਚ ਭਾਰਤੀ, ਚੀਨੀ, ਫਿਲੀਪੀਨੀ, ਪਾਕਿਸਤਾਨੀ, ਹਾਂਗਕਾਂਗ ਤੇ ਹੋਰ ਵਿਭਿੰਨਤਾ ਵਾਲੇ ਭਾਈਚਾਰੇ ਵਿਚੋਂ ਆਏ ਪੱਤਰਕਾਰਾਂ ਨੇ



ਆਪੋ ਆਪਣੇ ਭਾਈਚਾਰੇ ਨਾਲ ਸਬੰਧਤ ਐਂਡ੍ਰਿਊ ਸ਼ੀਅਰ ਨੂੰ ਸਵਾਲ ਕੀਤੇ। ਇਸ ਦੌਰਾਨ ਇਮੀਗ੍ਰੇਸ਼ਨ, ਵਿਦੇਸ਼ ਨੀਤੀ, ਬੈਲੇਂਸ ਬਜਟ, ਅੰਤਰਰਾਸ਼ਟਰੀ ਵਿਦਿਆਰਥੀ, ਕਲਾਈਮੇਟ ਚੇਂਜ ਆਦਿ ਮੁੱਦੇ ਭਾਰੂ ਰਹੇ। ਇਮੀਗ੍ਰੇਸ਼ਨ ਸਬੰਧੀ ਐਂਡ੍ਰਿਊ ਸ਼ੀਅਰ ਪਹਿਲੇ ਦਿਨ ਤੋਂ ਹੀ ਆਪਣੀ ਵਿਸਥਾਰ 'ਚ ਨੀਤੀ ਦੱਸਣ ਤੋਂ ਅਸਮਰਥ ਰਹੇ ਹਨ। ਉਹ ਹਮੇਸ਼ਾ ਹੀ ਆਰਡਰਲੀ, ਕੰਪੈਸ਼ਨੇਟ ਅਤੇ ਫੇਅਰ ਨੀਤੀ ਕਹਿ ਕੇ ਸਾਰ ਦਿੰਦੇ ਹਨ।

...ਬਾਕੀ ਪੰਨਾ 6 'ਤੇ

# ਬਹਿਸ ਤੋਂ ਬਾਅਦ ਟਰੂਡੋ ਉੱਤਰ ਵੱਲ ਹੋਏ ਰਵਾਨਾ, ਸ਼ੀਅਰ ਤੇ ਜਗਮੀਤ ਸਿੰਘ ਨੇ ਟੋਰਾਂਟੋ 'ਚ ਲਾਇਆ ਡੇਰਾ

ਓਟਵਾ, 8 ਅਕਤੂਬਰ (ਪੋਸਟ ਬਿਊਰੋ) : ਲਿਬਰਲ ਆਗੂ ਜਸਟਿਨ ਟਰੂਡੋ ਅੱਜ ਆਪਣੀ ਪਾਰਟੀ ਦੀਆਂ ਕਲਾਈਮੇਟ ਚੇਂਜ ਨੀਤੀਆਂ ਦਾ ਪ੍ਰਚਾਰ ਇਕੁਆਲੁਇਟ ਵਿੱਚ ਕਰਨਗੇ। ਅਜਿਹਾ ਕਰਕੇ ਇਨ੍ਹਾਂ ਚੋਣਾਂ ਵਿੱਚ ਉੱਤਰ ਵੱਲ ਜਾਣ ਵਾਲੇ ਉਹ ਪਹਿਲੇ ਫੈਡਰਲ ਆਗੂ ਬਣ ਜਾਣਗੇ।

ਟਰੂਡੋ ਇੱਥੇ ਨੂਨਾਵਤ ਤੋਂ ਲਿਬਰਲ ਉਮੀਦਵਾਰ ਮੇਗਨ ਪਿੱਜ਼ੋ ਲਾਇਲ ਨਾਲ ਰਲ ਕੇ ਆਰਕਟਿਕ ਨੂੰ ਦਰਪੇਸ਼ ਕਲਾਈਮੇਟ ਚੇਂਜ ਸਬੰਧੀ ਚੁਣੌਤੀਆਂ ਬਾਰੇ ਸਥਾਨਕ ਲੋਕਾਂ ਨੂੰ ਜਾਣੂ



ਕਰਵਾਉਣਗੇ ਤੇ ਇਨੁਇਟ ਆਗੂਆਂ ਨਾਲ ਮੁਲਾਕਾਤ ਕਰਨਗੇ। ਫਿਰ ਟਰੂਡੋ ਟੋਰਾਂਟੋ ਦੇ ਦੱਖਣ ਵੱਲ ਪਰਤਣਗੇ ਜਿੱਥੇ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਤੇ ਐਨਡੀਪੀ ਆਗੂ ਜਗਮੀਤ ਸਿੰਘ ਵੀ ਚੋਣ ਪ੍ਰਚਾਰ ਵਿੱਚ ਲੱਗੇ ਹੋਏ ਹਨ।

ਜਗਮੀਤ ਸਿੰਘ ਇੱਥੇ ਡਾਊਨਟਾਊਨ ਦੇ ਪੂਰਬ ਵਿੱਚ ਨੌਜਵਾਨਾਂ ਨਾਲ ਨਵੀਂ ਡੀਲ ਬਾਰੇ ਵਾਅਦਾ ਕਰ ਰਹੇ ਹਨ। ਇਹ ਉਹ ਥਾਂ ਹੈ ਜਿੱਥੇ ਐਨਡੀਪੀ ਨੂੰ ਕੁੱਝ ਸੀਟਾਂ ਹਾਸਲ ਹੋਣ ਦੀ ਆਸ ਹੈ।

...ਬਾਕੀ ਪੰਨਾ 6 'ਤੇ

# ਹਾਜ਼ਰ ਜਵਾਬੀ ਤੇ ਮਜ਼ਾਕੀਆ ਲਹਿਜੇ ਕਾਰਨ ਵੱਖਰੀ ਪਛਾਣ ਬਣਾਉਣ ਵਿੱਚ ਕਾਮਯਾਬ ਰਹੇ ਜਗਮੀਤ ਸਿੰਘ



ਓਟਵਾ, 8 ਅਕਤੂਬਰ (ਪੋਸਟ ਬਿਊਰੋ) : ਸੋਮਵਾਰ ਰਾਤ ਨੂੰ ਸਾਰੀਆਂ ਪਾਰਟੀਆਂ ਦੇ ਆਗੂਆਂ ਦੀ ਹੋਈ ਬਹਿਸ ਵਿੱਚ ਐਨਡੀਪੀ ਆਗੂ ਜਗਮੀਤ ਸਿੰਘ ਕਈ ਮੁੱਦਿਆਂ ਉੱਤੇ ਤੋਲ ਮੋਲ ਕੇ ਦਿੱਤੇ ਗਏ ਜਵਾਬਾਂ, ਆਪਣੀ ਹਾਜ਼ਰ ਜਵਾਬੀ ਤੇ ਮਜ਼ਾਕੀਆ ਲਹਿਜੇ ਕਾਰਨ ਵੱਖਰੀ ਪਛਾਣ ਬਣਾਉਣ ਵਿੱਚ ਕਾਮਯਾਬ ਰਹੇ। ਇਸ ਨਾਲ ਨਵੀਂ ਚਰਚਾ ਇਹ ਛਿੜ ਚੁੱਕੀ ਹੈ ਕਿ 21 ਅਕਤੂਬਰ ਨੂੰ ਪੈਣ ਵਾਲੀਆਂ ਵੋਟਾਂ ਲਈ ਵੋਟਰਾਂ ਕੋਲ ਸਿਰਫ ਲਿਬਰਲ ਤੇ ਕੰਜ਼ਰਵੇਟਿਵਾਂ ਦਾ ਹੀ ਬਦਲ ਨਹੀਂ ਹੋਵੇਗਾ।

ਜਗਮੀਤ ਸਿੰਘ ਤੋਂ ਜਦੋਂ ਬਹਿਸ ਦੌਰਾਨ ਇਹ ਪੁੱਛਿਆ ਗਿਆ ਕਿ ਇਸ ਸਮੇਂ ਜਦੋਂ ਲਿਬਰਲ ਆਗੂ ਜਸਟਿਨ ਟਰੂਡੋ ਤੇ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਦਰਮਿਆਨ ਫਸਵਾਂ ਮੁਕਾਬਲਾ ਚੱਲ ਰਿਹਾ ਹੈ ਤੇ ਚੋਣ ਸਰਵੇਖਣ ਇਹ ਦਰਸਾ ਰਹੇ ਹਨ ਕਿ ਬਹੁਤੀਆਂ ਸੀਟਾਂ ਦੋਵੇਂ ਆਗੂ ਜਿੱਤਣਗੇ ਤਾਂ ਅਜਿਹੇ ਵਿੱਚ ਵੋਟਰਾਂ ਨੂੰ ਉਹ ਕੀ ਸੁਨੇਹਾ ਦੇਣਾ ਚਾਹੁਣਗੇ? ਇਸ ਸਵਾਲ ਦੇ ਜਵਾਬ ਵਿੱਚ ਜਗਮੀਤ ਸਿੰਘ ਨੇ ਆਖਿਆ ਕਿ ਇਸ ਦੇ ਜਵਾਬ ਵਿੱਚ ਉਹ ਕੈਨੇਡੀਅਨਾਂ ਤੋਂ ਇਹੋ ਸਵਾਲ ਪੁੱਛਣਾ ਚਾਹੁਣਗੇ ਕਿ ਆਪਣੀ ਜ਼ਿੰਦਗੀ ਵਿੱਚ ਤੁਸੀਂ ਕਿੰਨੀ ਵਾਰੀ ਕੋਈ ਕੰਮ ਇਸ ਲਈ ਕੀਤਾ ਹੈ ਕਿ ਤੁਸੀਂ ਡਰੇ ਹੋਏ ਸੀ ਤੇ ਇਸ ਫੈਸਲੇ ਕਾਰਨ ਤੁਹਾਨੂੰ ਚੰਗੇ ਨਤੀਜੇ ਵੀ ਮਿਲੇ? ਇਹ ਵੀ ਦੱਸੋ ਕਿ ਕਿੰਨੀ ਵਾਰੀ ਤੁਸੀਂ ਹੌਸਲਾ ਕਰਕੇ ਅਜਿਹਾ ਫੈਸਲਾ ਕੀਤਾ ਹੈ ਜਿਹੜਾ ਤੁਹਾਡੇ ਲਈ ਅਸਲ ਵਿੱਚ ਚੰਗਾ ਹੈ ਤੇ ਜਿਸ ਨੇ ਤੁਹਾਡੀ ਜ਼ਿੰਦਗੀ ਬਿਹਤਰ ਬਣਾ ਦਿੱਤੀ। ਇਨ੍ਹਾਂ ਚੋਣਾਂ ਵਿੱਚ ਵੀ ਇਹੋ ਗੱਲ ਹੈ। ਜੇ ਤੁਸੀਂ ਡਰ ਕਾਰਨ ਆਪਣਾ ਫੈਸਲਾ ਕਰਦੇ ਹੋਂ ਤਾਂ ਤੁਹਾਨੂੰ ਉਹੋ ਜਿਹੇ ਹੀ ਨਮੋਸ਼ੀ ਭਰੇ ਨਤੀਜਿਆਂ ਦਾ ਸਾਹਮਣਾ ਕਰਨਾ ਹੋਵੇਗਾ ਪਰ ਜੇ ਤੁਸੀਂ ਅਜਿਹੇ ਸ਼ਖਸ ਦੀ ਚੋਣ ਕਰਦੇ ਹੋਂ ਜਿਸ ਨੂੰ ਤੁਸੀਂ ਦਿਲ ਤੋਂ ਪਸੰਦ ਕਰਦੇ ਹੋਂ ਤੇ ਜਿਹੜਾ ਤੁਹਾਡੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਮਦਦ ਕਰੇਗਾ ਤਾਂ ਤੁਹਾਨੂੰ ਵਧੀਆ ਨਤੀਜੇ ਮਿਲਣਗੇ। ਅਸੀਂ ਘੱਟ ਉੱਤੇ ਸਮਝੌਤਾ ਕਰਕੇ ਵਧੀਆ ਨਤੀਜੇ ਹਾਸਲ ਨਹੀਂ ਕਰ ਸਕਦੇ। ਬਹਿਸ ਦੌਰਾਨ ਟਰੂਡੋ ਤੇ ਸ਼ੀਅਰ ਉੱਤੇ ਟਿੱਪਣੀ ਕਰਦਿਆਂ ਜਗਮੀਤ ਸਿੰਘ ਨੇ ਆਖਿਆ ਕਿ ਵੋਟਰਾਂ ਨੂੰ ਮਿਸਟਰ ਡਿਲੇਅ ਤੇ ਮਿਸਟਰ ਡਿਨਾਇ ਵਿੱਚੋਂ ਇੱਕ ਦੀ ਚੋਣ ਕਰਨ ਦੀ ਲੋੜ ਨਹੀਂ ਹੈ। ਇਸ ਇੱਕ ਟਿੱਪਣੀ ਦਾ ਲੋਕਾਂ ਉੱਤੇ ਵੀ ਕਾਫੀ ਅਸਰ ਪਿਆ।

Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE — NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272
www.allkindinsurance.com

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

INSURANCE
Home · Auto · Business · Trucking · Life Insurance · Commercial
647-206-2452 Sukhwinder K Singh
CONEX 7050A Bramalea Rd. Unit # 13, Mississauga, ON L5S 1T1

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets • Completly Furnished • Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration · Real Estate / Commercial Law · Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us NC Dhawan Certified Instructor
Cell: 416 726 6206 Tel: 905 405 0001

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Brokerage Lic.12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205 www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

• Super Visa Insurance
• Visitor Visa Insurance
• Travel Insurance
• Student Insurance
• New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

MANN LAW FIRM
• Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

KELLEY LAW OFFICE
Immigration · Real Estate · Family Law · Business Closing · Corporate · Wills & Estate · Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ



ਇਸ ਸਮੇਂ ਬਰੈਂਪਟਨ ਨੂੰ ਇਕ ਹੋਰ ਨਵੇਂ ਹਸਪਤਾਲ ਦੀ ਲੋੜ ਹੈ।

ਇਸ ਕਰਕੇ **NDP** ਸੰਪੂਰਨ ਹੈਲਥਕੇਅਰ ਕਵਰੇਜ ਦਾ ਐਲਾਨ ਕਰਦੀ ਹੈ, ਜਿਸ ਨਾਲ ਬਰੈਂਪਟਨ ਦੇ ਵਿਚ ਇਕ ਨਵਾਂ ਹਸਪਤਾਲ, ਸਿਰ ਤੋਂ ਲੈ ਕੇ ਪੈਰਾਂ ਤੱਕ ਸਿਹਤ ਸੇਵਾਵਾਂ ਅਤੇ ਦੰਦਾਂ ਤੇ ਅੱਖਾਂ ਦਾ ਇਲਾਜ ਵੀ ਸ਼ਾਮਿਲ ਹੈ।

**Team Brampton**



MELISSA EDWARDS for Brampton North

SARANJIT SINGH for Brampton East

MANDEEP KAUR for Brampton South

NAVJIT KAUR for Brampton West

JORDAN BOSWELL for Brampton Centre

**21 ਅਕਤੂਬਰ ਨੂੰ ਤੁਸੀਂ NDP ਅਤੇ ਜਗਮੀਤ ਸਿੰਘ ਨੂੰ ਵੋਟ ਪਾਕੇ ਕਾਮਜ਼ਾਬ ਕਰੋ।**

**ndp.ca**

ਜਗਮੀਤ ਸਿੰਘ ਹਮੇਸ਼ਾ ਤੁਹਾਡੀ ਸੇਵਾ ਵਿਚ

Jagmeet Singh NDP

Data everywhere.
No surprise charges anywhere.

NEW

NATION-WIDE. NO ZONES.
TALK, TEXT & DATA PLANS
$35/MO.

chatr AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
ਅਮਨ ਟਰੈਵਲ
Gaurav Gupta
905.796.3535
SPECIAL FARES TO DELHI & AMRITSAR | LAST MINUTE DEALS AVAILABLE
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ

ਡੁੱਬੀ ਜਾਂਦੀ ਕਹਿੰਦੇ ਆ ਮਾਰੂਤੀ ਕੰਪਨੀ,
ਨਾਲੇ ਡੁੱਬੀ ਜਾਂਦਾ ਕਹਿੰਦੇ ਟਾਟਾ ਮਿੱਤਰੋ।
ਆਖੇ ਸਰਕਾਰ ਭਲਾ ਕਰ'ਤਾ ਗਰੀਬਾਂ ਦਾ,
ਥਾਲੀਆਂ 'ਚੋਂ ਮੁੱਕਾ ਪਿਆ ਆਟਾ ਮਿੱਤਰੋ।
ਕੰਘੀਆਂ ਦੀ ਕਦੇ ਜਿਸ ਲਾਈ ਫੈਕਟਰੀ,
ਹੋ ਗਿਆ ਜੜਾਵਾਂ ਜਿਹਾ ਝਾਟਾ ਮਿੱਤਰਾ।
ਰੋਈ ਜਾਣ ਲੋਕ, ਪਰ ਕਹੇ ਸਰਕਾਰ ਨਿੱਤ,
ਕਿਸੇ ਪਾਸੇ ਕੋਈ ਵੀ ਨਹੀਂ ਘਾਟਾ ਮਿੱਤਰੋ।
ਲੋਕਾਂ ਸਰਕਾਰ ਚੁਣੀਂ, ਲੋਕਾਂ ਨੂੰ ਭਰਮ ਰੱਖੇ,
ਵਿਚਲੀ ਨਹੀਂ ਦੱਸੇ ਸਰਕਾਰ ਬਾਤ ਮਿੱਤਰੋ।
ਦੁਨੀਆ ਦੇ ਗੁਰੂ ਬਣ ਜਾਵਣੇ ਨੂੰ ਮਨ ਕਰੇ,
ਵਿਹੜੇ ਵਿੱਚ ਮਾਰੀ ਨਹੀਂਉਂ ਝਾਤ ਮਿੱਤਰੋ।

**ਤੀਸ ਮਾਰ ਖਾਂ**

## ਕਰ ਹਰ ਮੈਦਾਨ ਫਤਿਹ

# ਕੈਨੇਡਾ ਓਪਨ ਖੇਡਾਂ ਚ ਵੀਨਾਂ ਅਰੋੜਾ ਨੇ ਜਿਤਿਆ ਗੋਲਡ ਮੈਡਲ



ਕੰਵਲਜੀਤ ਕੰਵਲ

ਟਰਾਂਟੋ (ਕੰਵਲਜੀਤ ਸਿੰਘ ਕੰਵਲ) ਕੈਨੇਡਾ ਵਿਚਲੇ ਕਿਊਬਿਕ ਸੂਬੇ ਦੇ ਸ਼ਹਿਰ ਮਾਂਟਰੀਅਲ ਚ ਹੋਈਆਂ ਕੈਨੇਡਾ ਓਪਨ 2019 ਖੇਡਾਂ ਵਿੱਚ ਅੰਮ੍ਰਿਤਸਰ ਦੀ ਵਸਨੀਕ ਵੀਨਾਂ ਅਰੋੜਾ ਨੇ ਪੈਰਾ ਤਾਈਕਵਾਂਡੋ ਖੇਡ ਵਿੱਚ ਮਾਰਕਾ ਮਾਰਦਿਆਂ ਭਾਰਤ ਲਈ ਸੋਨੇ ਦਾ ਮੈਡਲ ਜਿੱਤਿਆ। ਚੇਤੇ ਰਹੇ ਵੀਨਾਂ ਅਰੋੜਾ ਨੇ ਇਸ ਤੋਂ ਪਹਿਲਾਂ ਵੀ ਦੇਸ਼ ਵਿਦੇਸ਼ ਚ ਭਾਰਤ ਦੀ ਰਹਿਨੁਮਾਈ ਕਰਦਿਆਂ ਕਈ ਮੈਡਲ ਭਾਰਤ ਦੀ ਝੋਲੀ ਪਾਏ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਸ ਨੇ ਦੱਸਿਆ ਕਿ ਕਿਸੇ ਡਾ: ਦੇ ਗਲੱਤ ਟੀਕਾ ਲਾਉਣ ਕਰਕੇ ਉੱਸ ਦਾ ਸੱਜਾ ਹੱਥ ਕੱਟਿਆ ਗਿਆ ਸੀ ਪਰ ਉਸ ਨੇ ਹਿੰਮਤ ਨਹੀਂ ਹਾਰੀ ਤੇ ਆਪਣੀ ਮੰਜਿਲ ਵੱਲ ਅਗੇਰੇ ਅਤੇ ਹੋਰ ਅਗੇਰੇ ਵੱਧਦੀ ਗਈ ਅਤੇ ਉਸ ਨੇਂ ਇਕ ਹੱਥ ਨਾਲ ਦੁਨੀਆਂ ਫਤਿਹ ਕਰਨ ਦੀ ਠਾਣ ਲਈ ਤੇ ਭਾਰਤ ਦੀ ਝੋਲੀ ਪਿਆ ਇਹ ਗੋਲਡ ਮੈਡਲ ਇਸ ਗੱਲ ਦੀ ਗਵਾਹੀ ਹੈ। ਵੀਨਾਂ ਅਰੋੜਾ ਇਹਨੀਂ ਦਿਨੀਂ ਟੋਕੀਓ ਜਪਾਨ ਚ ਹੋ ਰਹੀਆਂ ਪੈਰਾਲਿੰਪਕ 2020 ਖੇਡਾਂ ਚ ਭਾਰਤ ਵੱਲੋਂ ਭਾਗ ਲੈਣ ਦੀ ਤਿਆਰੀ ਕਰ ਰਹੀ ਹੈ। ਭਾਂਵੇਂ ਕਿ ਬੀਤੇ ਦਿਨੀਂ ਉਸ ਨੂੰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੁਝ ਹੋਰ ਖਿਡਾਰੀਆਂ ਨਾਲ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨਿਆਂ ਗਿਆ ਹੈ ਪਰ ਪੰਜਾਬ ਸਰਕਾਰ ਵੱਲੋਂ ਕੋਈ ਮਾਇਕ ਸਹਾਇਤਾ ਜਾਂ ਨੌਕਰੀ ਨਾਂ ਦਿੱਤੇ ਜਾਣ ਦਾ ਉਸ ਨੂੰ ਗਿਲਾ ਹੈ, ਉਹ ਆਖਦੀ ਹੈ ਕਿ ਹਰਿਆਣਾ ਸਰਕਾਰ ਵਾਂਗੂ ਪੰਜਾਬ ਦੇ ਵੱਖ ਵੱਖ ਖੇਡਾਂ ਚ ਮੱਲਾਂ ਮਾਰਨ ਵਾਲੇ ਖਿਡਾਰੀਆਂ ਵੱਲ ਪੰਜਾਬ ਸਰਕਾਰ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਵੀਨਾਂ ਅਰੋੜਾ ਨੇ ਦੱਸਿਆ ਕਿ ਉਹ ਆਪਣੇ ਵਸੀਲਿਆਂ ਰਾਹੀਂ ਅੰਮ੍ਰਿਤਸਰ ਵਿੱਚ ਬੱਚਿਆਂ ਨੂੰ ਤਾਈ ਕਵਾਂਡੋ ਦੀ ਸਿਖਲਾਈ ਦੇਣ ਲਈ ਇਕ ਐਨ ਜੀ ਓ ਵੀ ਚਲਾ ਰਹੀ ਹੈ ਜਿਸ ਨੂੰ ਮਾਇਕ ਸਹਾਇਤਾ ਦੀ ਵੱਡੀ ਲੋੜ ਹੈ ਅਤੇ ਸਰਕਾਰਾਂ ਨੂੰ ਅਜਿਹੇ ਅਦਾਰਿਆਂ ਵੱਲ ਧਿਆਂਨ ਦੇਣਾ ਚਾਹੀਦਾ ਹੈ। ਭਾਰਤ ਦੀ ਝੋਲੀ ਪਏ ਇਸ ਸੋਨੇ ਦੇ ਇਸ ਮੈਡਲ ਨੂੰ ਲੈ ਕੇ ਵੀਨਾਂ ਅਰੋੜਾ 10 ਅਕਤੂਬਰ ਨੂੰ ਭਾਰਤ ਪੁੱਜੇਗੀ।

# ਅਧਿਆਪਕਾਂ ਨੂੰ ਤਨਖਾਹਾਂ ਵਿੱਚ ਵਾਧੇ ਦੀ ਮੰਗ ਤੋਂ ਪਹਿਲਾਂ ਪ੍ਰੋਵਿੰਸ ਸਿਰ ਚੜ੍ਹਿਆ ਕਰਜ਼ਾ ਵਿਚਾਰਨ ਦੀ ਦਿੱਤੀ ਗਈ ਸਲਾਹ

ਓਨਟਾਰੀਓ, 8 ਅਕਤੂਬਰ (ਪੋਸਟ ਬਿਊਰੋ) : ਅਧਿਆਪਕਾਂ ਦੀ ਹੜਤਾਲ ਸਮੇਂ ਕਿਸੇ ਡੀਲ ਉੱਤੇ ਪਹੁੰਚਣ ਲਈ ਚੱਲ ਰਹੀ ਗੱਲਬਾਤ ਦੌਰਾਨ ਇਹ ਆਖਿਆ ਗਿਆ ਕਿ ਤਨਖਾਹਾਂ ਵਿੱਚ ਵਾਧਾ ਕਰਨ ਦੀ ਮੰਗ ਰੱਖਣ ਤੋਂ ਪਹਿਲਾਂ ਪ੍ਰੋਵਿੰਸ ਸਿਰ ਚੜ੍ਹੇ ਕਰਜ਼ੇ ਬਾਰੇ ਸੋਚ ਲਿਆ ਕਰਨ। ਇਸ ਉੱਤੇ ਯੂਨੀਅਨ ਨੇ ਦੋਸ਼ ਲਾਇਆ ਕਿ ਇਸ ਤਰ੍ਹਾਂ ਦਾ ਦਬਾਅ ਪਾ ਕੇ ਸਰਕਾਰ ਵੱਲੋਂ ਸਿਆਸਤ ਨੂੰ ਗੱਲਬਾਤ ਵਿੱਚ ਦਾਖਲ ਕੀਤਾ ਗਿਆ।

ਓਨਟਾਰੀਓ ਸੈਕੰਡਰੀ ਸਕੂਲ ਟੀਚਰਜ਼ ਫੈਡਰੇਸ਼ਨ (ਓਐਸਐਸਟੀਐਫ) ਕੋਲ ਸਤੰਬਰ ਦੇ ਅੰਤ ਵਿੱਚ ਇਹ ਆਵਾਜ਼ ਉਠਾਈ ਗਈ ਤੇ ਉਸ ਤੋਂ ਬਾਅਦ ਹੀ ਵਾਰਤਾਕਾਰਾਂ ਤੇ ਯੂਨੀਅਨ ਵੱਲੋਂ ਗੱਲ ਸ਼ੁਰੂ ਕੀਤੀ ਗਈ। ਗੱਲਬਾਤ ਦੇ ਨਿਚੋੜ ਸਬੰਧੀ ਦਸਤਾਵੇਜ਼ ਯੂਨੀਅਨ ਵੱਲੋਂ ਜਨਤਕ ਕੀਤਾ ਗਿਆ। ਇਸ ਦਸਤਾਵੇਜ਼ ਵਿੱਚ ਸਰਕਾਰੀ ਪੱਖ ਵਿੱਚ ਇਹ ਵੀ ਦਰਜ ਹੈ ਕਿ 2019/2020 ਲਈ ਓਨਟਾਰੀਓ ਸਿਰ ਚੜ੍ਹਿਆ ਕਰਜ਼ਾ 360 ਬਿਲੀਅਨ ਡਾਲਰ ਤੱਕ ਰਹਿਣ ਦੀ ਸੰਭਾਵਨਾ ਹੈ ਤੇ ਇਹ ਦੁਨੀਆ ਦੀ ਕਿਸੇ ਵੀ ਪ੍ਰੋਵਿੰਸ਼ੀਅਲ ਸਰਕਰ ਲਈ ਬਹੁਤ ਜ਼ਿਆਦਾ ਹੈ।

ਪ੍ਰਸਤਾਵ ਵਿੱਚ ਇਹ ਵੀ ਆਖਿਆ ਗਿਆ ਕਿ ਭਾਵੇਂ ਵਿਦਿਆਰਥੀਆਂ ਦੀ ਸਫਲਤਾ ਪਿੱਛੇ ਅਧਿਆਪਕਾਂ ਦਾ ਹੀ ਹੱਥ ਹੁੰਦਾ ਹੈ ਪਰ ਕੈਨੇਡਾ ਵਿੱਚ ਅਧਿਆਪਕ ਸੱਭ ਤੋਂ ਵੱਧ ਤਨਖਾਹਾਂ ਪਾਉਣ ਵਾਲਿਆਂ ਵਿੱਚ ਸ਼ਾਮਲ ਹਨ। 2018-2019 ਵਿੱਚ ਅਧਿਆਪਕਾ ਦੀ ਔਸਤ ਤਨਖਾਹ 92,900 ਡਾਲਰ ਰਹੀ। ਇਸ ਲਈ ਹਰ ਸਾਲ ਦੋ ਫੀ ਸਦੀ ਵਾਧੇ ਨਾਲ ਸਰਕਾਰ ਦਾ ਬਜਟ ਹੋਰ ਹਿੱਲ ਜਾਵੇਗਾ ਤੇ ਇਸ ਨਾਲ ਸਰਕਾਰੀ ਖਜ਼ਾਨੇ ਉੱਤੇ ਹਰ ਸਾਲ 1.5 ਬਿਲੀਅਨ ਡਾਲਰ ਦਾ ਹੋਰ ਬੋਝ ਪਵੇਗਾ। ਦੂਜੇ ਪਾਸੇ ਯੂਨੀਅਨ ਨੇ ਆਖਿਆ ਕਿ ਸਰਕਾਰ ਗਲਤ ਅੰਕੜੇ ਪੇਸ਼ ਕਰ ਰਹੀ ਹੈ। ਉਨ੍ਹਾਂ ਦੇ ਮੈਂਬਰਾਂ ਦੀ ਔਸਤ ਤਨਖਾਹ 86,682 ਡਾਲਰ ਹੈ ਤੇ ਇੱਕ ਫੀ ਸਦੀ ਵਾਧਾ ਕਾਫੀ ਨਹੀਂ ਹੈ। ਓਐਸਐਸਟੀਐਫ ਦੇ ਪ੍ਰਧਾਨ ਹਾਰਵੀ ਬਿਸ਼ੌਫ ਨੇ ਆਖਿਆ ਕਿ ਇਸ ਤੋਂ ਭਾਵ ਇਹ ਹੈ ਕਿ ਅਗਲੇ ਸਾਲ ਸਾਡੇ ਮੈਂਬਰਾਂ ਨੂੰ ਇਸ ਸਾਲ ਦੇ ਮੁਕਾਬਲੇ ਘੱਟ ਤਨਖਾਹਾਂ ਹਾਸਲ ਹੋਣਗੀਆਂ। ਇੱਕ ਫੀ ਸਦੀ ਨਾਲ ਮਹਿੰਗਾਈ ਦਾ ਮੁਕਾਬਲਾ ਨਹੀਂ ਕੀਤਾ ਜਾ ਸਕਦਾ।

GNR ਹਰਬਲ ਤੇਲ | 647-853-5800
globalnaturalremedies@yahoo.com
Ask For:
•Saffron Oil
•Therapeutic Essential Oils
•Herbal Teas
Ext. Use Only
Pain-Care Joint Support $9.99
He-Oil For Men Only $19.99
Stress-Care Feel Relaxed $9.99
GLOBAL NATURAL REMEDIES

# ਗੈਰਕਾਨੂੰਨੀ ਮੈਰੀਯੁਆਨਾ ਰੱਖਣ ਦੇ ਦੋਸ਼ ਵਿੱਚ ਤਿੰਨ ਗ੍ਰਿਫਤਾਰ

ਓਨਟਾਰੀਓ, 8 ਅਕਤੂਬਰ (ਪੋਸਟ ਬਿਊਰੋ) : ਕਿੰਗ ਟਾਊਨਸ਼ਿਪ ਵਿੱਚ ਗੈਰਕਾਨੂੰਨੀ ਤੌਰ ਉੱਤੇ 4.7 ਮਿਲੀਅਨ ਡਾਲਰ ਦੀ ਮੈਰੀਯੁਆਨਾ ਰੱਖਣ ਦੇ ਮਾਮਲੇ ਵਿੱਚ ਯੌਰਕ ਪੁਲਿਸ ਵੱਲੋਂ ਤਿੰਨ ਵਿਅਕਤੀਆਂ ਨੂੰ ਚਾਰਜ ਕੀਤਾ ਗਿਆ ਹੈ। ਜੁਲਾਈ ਵਿੱਚ ਪੁਲਿਸ ਵੱਲੋਂ ਬਰੈਡਫੋਰਡ ਦੇ ਦੱਖਣ ਵੱਲ ਹਾਈਵੇਅ 11 ਉੱਤੇ 20520 ਸੰਪਤੀ ਦੀ ਜਾਂਚ ਕੀਤੀ ਗਈ। ਪੁਲਿਸ ਨੂੰ ਇਸ ਥਾਂ ਉੱਤੇ ਗੈਰਕਾਨੂੰਨੀ ਢੰਗ ਨਾਲ ਆਊਟਡੋਰ ਵਿੱਚ ਹੀ ਮੈਰੀਯੁਆਨਾ ਉਗਾਏ ਜਾਣ ਦਾ ਪਤਾ ਲੱਗਿਆ ਸੀ ਜਿਸ ਦਾ ਸਿੱਧਾ ਸਬੰਧ

## 4.7 ਮਿਲੀਅਨ ਡਾਲਰ ਦੱਸੀ ਗਈ ਮੈਰੀਯੁਆਨਾ ਦੀ ਕੀਮਤ

ਸੰਗਠਿਤ ਜੁਰਮ ਨਾਲ ਦੱਸਿਆ ਗਿਆ। 27 ਸਤੰਬਰ ਨੂੰ ਜੋਈਜ਼ ਗਾਰਡਨ ਨਾਂ ਦੇ ਸਾਈਨਬੋਰਡ ਦੇ ਨਾਲ ਲੱਗਦੀ ਥਾਂ ਉੱਤੇ ਭਾਰੀ ਮਾਤਰਾ ਵਿੱਚ ਪੁਲਿਸ ਪਹੁੰਚੀ, ਇੱਥੇ ਗ੍ਰੀਨਹਾਊਸ ਹੋਣ ਦਾ ਵੀ ਬੋਰਡ ਲੱਗਿਆ ਹੋਇਆ ਸੀ।




ਜਾਂਚਕਾਰਾਂ ਨੂੰ ਪਤਾ ਲੱਗਿਆ ਕਿ ਹੈਲਥ ਕੈਨੇਡਾ ਵੱਲੋਂ ਜਾਰੀ ਕੀਤੇ ਗਏ ਲਾਇਸੰਸ ਤਹਿਤ 475 ਆਊਟਡੋਰ ਪਲਾਂਟਸ ਤੇ 124 ਇੰਡੋਰ ਪਲਾਂਟਸ ਦੀ ਇਜਾਜ਼ਤ ਦਿੱਤੀ ਗਈ ਸੀ ਪਰ ਜਾਂਚਕਾਰਾਂ ਨੇ ਪਾਇਆ ਕਿ ਇਸ ਥਾਂ ਉੱਤੇ 2000 ਤੋਂ ਵੱਧ ਬੂਟੇ ਲਾਏ ਗਏ ਸਨ। ਪੁਲਿਸ ਵੱਲੋਂ 2,360 ਬੂਟੇ ਆਪਣੇ ਕਬਜੇ ਵਿੱਚ ਲੈ ਲਏ ਗਏ ਤੇ ਇਸ ਤੋਂ ਇਲਾਵਾ ਚਾਰ ਕਿੱਲੋ ਸੁੱਕੀ ਹੋਈ ਤੇ ਪੈਕਿੰਗ ਲਈ ਤਿਆਰ ਮੈਰੀਯੁਆਨਾ ਵੀ ਫੜ੍ਹੀ ਗਈ। ਇਸ ਨਸੀਲੇ ਪਦਾਰਥ ਦੀ ਕੀਮਤ 4.7 ਮਿਲੀਅਨ ਡਾਲਰ ਦੱਸੀ ਗਈ।

ਵਾਰੰਟ ਤਹਿਤ ਜਾਂਚ ਕਰਨ ਆਈ ਪੁਲਿਸ ਨੂੰ ਇਸ ਸੰਪਤੀ ਉੱਤੇ ਤਿੰਨ ਵਿਅਕਤੀ ਮਿਲੇ। ਪੁਲਿਸ ਨੇ ਤਿੰਨਾਂ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਤੇ ਉਨ੍ਹਾਂ ਨੂੰ ਚਾਰਜ ਕੀਤਾ ਗਿਆ। ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਵਿੱਚ ਕਿੰਗ ਦਾ 31 ਸਾਲਾ ਰੁਈ ਮਿਨ ਜੈਨ, ਮਾਰਖਮ ਦਾ 44 ਸਾਲਾ ਚੈਂਗ ਜੀ ਯੂ ਤੇ ਮਾਰਖਮ ਦਾ ਹੀ 56 ਸਾਲਾ ਰੌਂਗਚੀ ਟੈਨ ਸਾਮਲ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
Lic# 10584
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia
#M08006400
416.677.0047

# ਮੌਬ ਲਿੰਚਿੰਗ ਬਹਾਨੇ ਭਾਰਤ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੋਈ ਹੈ: ਭਾਗਵਤ

ਨਾਗਪੁਰ, 8 ਅਕਤੂਬਰ, (ਪੋਸਟ ਬਿਊਰੋ)-ਅੱਜ ਦੁਸਹਿਰੇ ਮੌਕੇ ਰਾਸ਼ਟਰੀ ਸੋਇਮਸੇਵਕ ਸੰਘ (ਆਰ ਐੱਸ ਐੱਸ) ਦੇ ਮੁਖੀ ਮੋਹਨ ਭਾਗਵਤ ਮਹਾਰਾਸ਼ਟਰ ਦੇ ਨਾਗਪੁਰ ਵਿੱਚ 'ਆਰ ਐੱਸ ਐੱਸ-ਪਥ ਸੰਚਾਲਨ ਮਾਰਚ' ਵਿੱਚ ਸ਼ਾਮਲ ਹੋਏ ਤਾਂ ਉਨ੍ਹਾਂ ਨੇ ਇਸ ਮੌਕੇ ਸ਼ਸਤਰ ਪੂਜਾ ਪਿੱਛੋਂ ਸਵੈ-ਸੇਵਕਾਂ ਨੂੰ ਸੰਬੋਧਤ ਕੀਤਾ ਅਤੇ ਕਿਹਾ ਕਿ ਜੰਮੂ-ਕਸ਼ਮੀਰ ਤੋਂ ਧਾਰਾ 370 ਹਟਾ ਕੇ ਦੇਸ਼ ਦੀ ਨਰਿੰਦਰ ਮੋਦੀ ਸਰਕਾਰ ਨੇ ਇਕ ਵਾਰ ਫਿਰ ਸਾਬਤ ਕੀਤਾ ਹੈ ਕਿ ਲੋਕਾਂ ਦੀਆਂ ਆਸਾਂ ਨੂੰ ਪੂਰਾ ਕਰਨ ਤੇ ਦੇਸ਼ ਦੇ ਹਿੱਤ ਵਿੱਚ ਲੋਕਾਂ ਦੀਆਂ ਭਾਵਨਾਵਾਂ ਤੇ ਇੱਛਾਵਾਂ ਦਾ ਸਨਮਾਨ ਕਰਨ ਦਾ ਸਾਹਸ ਉਸ ਕੋਲ ਹੈ।

ਇਸ ਮੌਕੇ ਮੋਹਨ ਭਾਗਵਤ ਨੇ ਮੌਬ ਲਿੰਚਿੰਗ (ਭੀੜ ਵੱਲੋਂ ਕੁੱਟ ਕੇ ਕੀਤੇ ਜਾਂਦੇ ਕਤਲਾਂ) ਬਾਰੇ ਕਿਹਾ ਕਿ ਲਿੰਚਿੰਗ ਦੇ ਰੂਪ ਵਿੱਚ ਸਮਾਜਿਕ ਹਿੰਸਾ ਦੀਆਂ ਕੁਝ ਘਟਨਾਵਾਂ ਨੂੰ ਬਰਾਂਡ ਕਰਨਾ ਅਸਲ ਵਿੱਚ ਸਾਡੇ ਦੇਸ਼ ਤੇ ਸਾਡੇ ਹਿੰਦੂ ਸਮਾਜ ਨੂੰ ਬਦਨਾਮ ਕਰਨ ਤੇ ਕੁਝ ਜਥੇਬੰਦੀਆਂ ਵਿਚ ਡਰ ਪੈਦਾ ਕਰਨ ਦੀ ਕੋਸ਼ਿਸ਼ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਘਟਨਾਵਾਂ ਨਾਲ ਸੰਘ ਦਾ ਸਵੈ-ਸੇਵਕਾਂ ਦਾਕੋਈ ਸੰਬੰਧ ਨਹੀਂਹੁੰਦਾ, ਉਹ ਇਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕਰਦੇ ਹਨ, ਪਰ ਇਨ੍ਹਾਂ ਸਭ ਨੂੰ ਵੱਖਰੇ ਤਰ੍ਹਾਂ ਪੇਸ਼ ਕਰ ਕੇ ਉਸ ਤੋਂ ਝਗੜਾ ਬਣਾਉਣ ਦਾ ਕੰਮ ਚੱਲਦਾ ਹੈ। ਉਨ੍ਹਾ ਕਿਹਾ ਕਿ ਭਾਰਤ ਵਿੱਚ ਇੰਨੀਆਂ ਸਮੱਸਿਆਵਾਂ ਦੇ ਬਾਵਜੂਦ ਏਨੀ ਸ਼ਾਂਤੀ ਨਾਲ ਲੋਕਾਂ ਦੇ ਰਹਿਣ ਦੀ ਮਿਸਾਲ ਕਿਤੇ ਹੋਰ ਦੇਖਣ ਨੂੰ ਨਹੀਂ ਮਿਲਦੀ।

ਮੋਹਨ ਭਾਗਵਤ ਨੇ ਕਿਹਾ ਕਿ ਇਹ ਲੋਕ ਨਹੀਂ ਚਾਹੁੰਦੇ ਕਿ ਭਾਰਤ ਮਜ਼ਬੂਤ ਹੋਵੇ। ਸਾਨੂੰ ਇਨ੍ਹਾਂ ਦੀ ਪਛਾਣ ਕਰਨਲਈ ਸਰਗਰਮ ਰਹਿਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਲਿੰਚਿੰਗ ਸ਼ਬਦ ਭਾਰਤੀ ਲੋਕਾਚਾਰ ਦਾਨਹੀਂ ਹੈ, ਇਨ੍ਹਾਂ ਸ਼ਬਦਾਂ ਨੂੰ ਭਾਰਤੀਆਂ ਉੱਤੇ ਨਾ ਥੋਪਿਆ ਜਾਵੇ। ਭਾਗਵਤ ਨੇ ਕਿਹਾ ਕਿ ਲਿੰਚਿੰਗ ਖੁਦ ਪੱਛਮ ਦੇ ਦੇਣ ਹੈ ਤੇ ਭਾਰਤਨੂੰ ਬਦਨਾਮ ਕਰਨ ਲਈ ਇਸ ਦੀ ਵਰਤੋਂ ਨਹੀਂ ਹੋਣੀ ਚਾਹੀਦੀ। ਭਾਗਵਤ ਨੇ ਕਿਹਾ ਕਿ ਸਾਡੇ ਵਿਗਿਆਨੀਆਂ ਨੇ ਚੰਦ ਦੇ ਦੱਖਣੀ ਧੁਰੇ ਉੱਤੇ ਆਪਣਾ ਚੰਦਰ-ਯਾਨ ਵਿਕਰਮ ਉਤਾਰਿਆ, ਜਿਥੇ ਅਜੇ ਤਕ ਕੋਈ ਨਹੀਂ ਪਹੁੰਚ ਸਕਿਆ। ਆਸ ਅਨੁਸਾਰ ਪੂਰੀ ਸਫਲਤਾ ਭਾਵੇਂਨਹੀਂ ਮਿਲੀ, ਪਰ ਪਹਿਲੀ ਕੋਸ਼ਿਸ਼ ਵਿੱਚ ਇੰਨਾ ਕੁਝ ਕਰ ਲੈਣਾ ਬਹੁਤ ਵੱਡੀ ਗੱਲ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes
Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲ੍ਹਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਪੰਜਾਬੀ ਪੋਸਟ 'ਚ ਸੇਲਜ਼ ਐਗਜ਼ੀਕਿਊਟਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ 'ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

PUNJABI POST
NOW HIRING!
SALES EXECUTIVES
Salary $19/hr + Bonus, Must be Sales Skill Master, have own car, fluent in english & punjabi.
Send your resume at: balwinder@punjabipost.ca
Call Punjabi Post: 905.793.2202

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergillawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੁਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

# ਉਮੀਦਵਾਰਾਂ ਦੀ ਗ਼ੈਰ-ਹਾਜ਼ਰੀ ’ਚ ਵਿਦਿਆਰਥੀਆਂ ਵੱਲੋਂ ਫ਼ੈੱਡਰਲ ਉਮੀਦਵਾਰਾਂ ਦੀ ਭੂਮਿਕਾ ’ਚ ਕੀਤੀ ਡੀਬੇਟ

## 'ਲੀਜੈਂਡ ਆਫ਼ ਭਗਤ ਸਿੰਘ' ਤੇ ‘ਟੈਰੀ ਫੌਕਸ’ ਫਿਲਮਾਂ ਵਿਖਾਈਆਂ ਤੇ ਵਿਦਿਆਰਥੀਆਂ ਨੇ ਲਿਆ 'ਟੈਰੀ ਫੌਕਸ ਰੱਨ' ਵਿਚ ਭਾਗ







ਬਰੈਂਪਟਨ, (ਡਾ. ਝੰਡ) - ਐੱਫ਼.ਬੀ.ਆਈ. ਸਕੂਲ ਵਿਚ ਵਿਦਿਆਰਥੀਆਂ ਵੱਲੋਂ ਲੰਘੇ ਸ਼ੁੱਕਰਵਾਰ 4 ਅਕਤੂਬਰ ਨੂੰ ਇਕ ਦਿਲਚਸਪ ਫ਼ੈੱਡਰਲ ਡੀਬੇਟ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਸ਼ਾਮਲ ਹੋਣ ਲਈ ਬਰੈਂਪਟਨ ਈਸਟ ਦੇ ਸਾਰੇ ਉਮੀਦਵਾਰਾਂ ਨੂੰ ਸੱਦਾ ਦਿੱਤਾ ਗਿਆ ਸੀ ਪਰ ਉਨ੍ਹਾਂ ਵਿੱਚੋਂ ਕੋਈ ਵੀ ਨਾ ਪਹੁੰਚਿਆ। ਅਲਬੱਤਾ, ਬਰੈਂਪਟਨ ਸੈਂਟਰ ਤੋਂ ਪੀਪਲਜ਼ ਪਾਰਟੀ ਆਫ਼ ਕੈਨੇਡਾ ਦੇ ਉਮੀਦਵਾਰ ਬਲਜੀਤ ਬਾਵਾ ਨੂੰ ਜਦੋਂ ਸਕੂਲ ਵਿਚ ਹੋ ਰਹੇ ਇਸ ਈਵੈਂਟ ਦੇ ਬਾਰੇ ਪਤਾ ਲੱਗਾ ਤਾਂ ਉਹ ਉੱਥੇ ਜ਼ਰੂਰ ਪਹੁੰਚ ਗਏ। ਬਾਕੀ ਉਮੀਦਵਾਰਾਂ ਦੀ ਗ਼ੈਰ-ਹਾਜ਼ਰੀ ਵਿਚ ਸਕੂਲ ਦੇ ਵਿਦਿਆਰਥੀਆਂ ਵੱਲੋਂ ਉਨ੍ਹਾਂ ਦੀਆਂ ਭੂਮਿਕਾਵਾਂ ਬਾਖ਼ੂਬੀ ਨਿਭਾਈਆਂ ਗਈਆਂ। ਇਸ ਦੇ ਬਾਰੇ ਗੱਲ ਕਰਦਿਆਂ ਪ੍ਰਿੰਸੀਪਲ ਸੰਜੀਵ ਧਵਨ ਨੇ ਦੱਸਿਆ ਕਿ ਕੁਝ ਉਮੀਦਵਾਰ ਤਾਂ ਇਸ ਡੀਬੇਟ ਵਿਚ ਸ਼ਾਮਲ ਹੋਣ ਦੀ ਹਾਮੀ ਭਰਨ ਦੇ ਬਾਵਜੂਦ ਵੀ ਨਹੀਂ ਪਹੁੰਚੇ। ਇੱਥੋਂ ਤੀਕ ਕਿ ਇਨ੍ਹਾਂ ਵਿੱਚੋਂ ਇਕ ਨੇ ਡੀਬੇਟ ਸ਼ੁਰੂ ਹੋਣ ਤੋਂ ਪਹਿਲਾਂ ਫ਼ੋਨ 'ਤੇ ਦੱਸਿਆ ਕਿ ਉਹ ਦਸ ਮਿੰਟ ਵਿਚ ਸਕੂਲ ਪਹੁੰਚ ਰਿਹਾ ਹੈ ਅਤੇ ਇਕ ਹੋਰ ਦਾ ਕਹਿਣਾ ਸੀ ਕਿ ਉਹ ਤਾਂ ਅੱਜ ਆਪਣੀ ਪਾਰਟੀ ਦੇ ਨੇਤਾ ਦੇ ਨਾਲ ਹੋਰ ਕਿਧਰੇ ਜਾ ਰਿਹਾ ਹੈ, ਹਾਲਾਂ ਕਿ ਇਸ ਤੋਂ ਇਕ ਦਿਨ ਪਹਿਲਾਂ ਉਸ ਨੇ ਆਪਣਾ ਇੱਥੇ ਆਉਣਾ ਪੱਕਾ ਕੀਤਾ ਸੀ। ਇਸ ਤੋਂ ਸਾਡੇ ਇਨ੍ਹਾਂ ਨੇਤਾਵਾਂ ਦੇ ਜ਼ਿੰਮੇਂਵਾਰੀ ਦੇ ਅਹਿਸਾਸ ਦਾ ਭਲੀ-ਭਾਂਤ ਪਤਾ ਲੱਗਦਾ ਹੈ। ਸ਼ਾਇਦ ਉਹ ਇਸ ਦੇ ਨਾਲੋਂ ਹੋਰ ਕੰਮਾਂ ਨੂੰ ਤਰਜੀਹ ਦੇਣਾ ਬੇਹਤਰ ਸਮਝਦੇ ਹਨ।

ਖ਼ੈਰ, ਉਮੀਦਵਾਰਾਂ ਦੀ ਉਡੀਕ ਕਰਨ ਤੋਂ ਬਿਨਾਂ ਨਿਰਧਾਰਤ ਸਮੇਂ 'ਤੇ ਇਸ ਡੀਬੇਟ ਦਾ ਪ੍ਰੋਗਰਾਮ ਸ਼ੁਰੂ ਕਰ ਦਿੱਤਾ ਗਿਆ। ਸਕੂਲ ਦੀ ਅਧਿਆਪਕਾ ਈਵਾ ਵੱਲੋਂ ਡੀਬੇਟ ਦੇ ਉਦੇਸ਼ ਬਾਰੇ ਸੰਖੇਪ ਵਿਚ ਦੱਸਣ ਤੋਂ ਬਾਅਦ ਐੱਮ.ਸੀ. ਰਿਦਮ ਚਾਹਲ ਨੇ ਸੱਭ ਤੋਂ ਪਹਿਲਾਂ ਇਸ ਮੌਕੇ ਮਹਿਮਾਨਾਂ ਵਿਚ ਸ਼ਾਮਲ ਸਿਟੀ ਕਾਂਊਂਸਲਰ ਹਰਕੀਰਤ ਸਿੰਘ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਜਿਨ੍ਹਾਂ ਨੇ ਸਕੂਲ ਵੱਲੋਂ ਕਰਵਾਏ ਜਾ ਰਹੇ ਇਸ ਈਵੈਂਟ ਦੀ ਸਰਾਹਨਾ ਕਰਦਿਆਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਰਾਜਨੀਤਕ ਸੂਝ-ਬੂਝ ਵੀ ਰੱਖਣ ਦਾ ਮਸ਼ਵਰਾ ਦਿੱਤਾ। ਉਪਰੰਤ, ਬਰੈਂਪਟਨ ਸੈਂਟਰ ਤੋਂ ਪੀਪਲਜ਼ ਪਾਰਟੀ ਆਫ਼ ਕੈਨੇਡਾ ਦੇ ਉਮੀਦਵਾਰ ਬਲਜੀਤ ਬਾਵਾ ਨੇ ਆਪਣੇ ਚੋਣ-ਪਲੇਟਫ਼ਾਰਮ ਬਾਰੇ ਜਾਣਕਾਰੀ ਦੇਣ ਤੋਂ ਬਾਅਦ ਪੈਨਲ-ਮੈਂਬਰਾਂ ਵੱਲੋਂ ਪੁੱਛੇ ਗਏ ਸੁਆਲਾਂ ਦੇ ਜੁਆਬ ਤਸੱਲੀ-ਪੂਰਵਕ ਦਿੱਤੇ ਜਿਨ੍ਹਾਂ ਵਿਚ ਟੈਕਸ ਘਟਾਉਣ, ਮਰੀਜ਼ਾਂ ਦੀ ਦਿਨੋਂ-ਦਿਨ ਵੱਧ ਰਹੀ ਗਿਣਤੀ ਨੂੰ ਮੁੱਖ ਰੱਖਦਿਆਂ ਬਰੈਂਪਟਨ ਵਿਚ ਨਵਾਂ ਹਸਪਤਾਲ ਖੋਲ੍ਹਣ, ਬਰੈਂਪਟਨ ਵਿਚ ਪੂਰੀ ਯੂਨੀਵਰਸਿਟੀ ਬਣਾਉਣ, ਦਵਾਈਆਂ ਦੀਆਂ ਕੀਮਤਾਂ ਘੱਟ ਕਰਨ, ਚਾਈਲਡ ਬੈਨੀਫ਼ਿਟ ਵਿਚ ਵਾਧਾ ਕਰਨ, ਘਰੇਲੂ ਹਿੰਸਾ, ਨਸ਼ਿਆਂ ਅਤੇ ਵਾਤਾਵਰਣ ਨੂੰ ਸਾਫ਼ ਰੱਖਣ ਵਰਗੇ ਅਹਿਮ ਮੁੱਦਿਆਂ ਉੱਪਰ ਸੁਆਲ ਸ਼ਾਮਲ ਸਨ। ਇਸ ਮੌਕੇ ਪੈਨਿਲਿਸਟਾਂ ਵਿਚ ਗਰੇਡ-9 ਦੇ ਐਂਬਰ ਗਿੱਲ ਤੇ ਅਲੀਸ਼ਾ ਗਰੇਵਾਲ, ਗਰੇਡ-11 ਦੇ ਜਸ਼ਨ ਥਿੰਦ, ਮੋਹਿਤ ਪੰਧੇਰ ਤੇ ਅਖ਼ਨੂਰ ਸੰਘਾ ਅਤੇ ਗਰੇਡ-12 ਦੇ ਲਕਸ਼ੇ ਧਵਨ ਸ਼ਾਮਲ ਸਨ।

ਇਸ ਤੋਂ ਅਗਲੇ ਪੜਾਅ ਵਿਚ ਗਰੇਡ-8 ਦੇ ਵਿਦਿਆਰਥੀਆਂ ਅਮਾਇਆ ਚੋਪੜਾ, ਭਵਸਹਿਜ ਚਾਹਲ, ਗੁਰਤੇਜ ਸੈਣੀ ਤੇ ਯਸ਼ ਵਸ਼ਿਸ਼ਟ ਨੇ ਬਰੈਂਪਟਨ ਈਸਟ ਤੋਂ ਉਮੀਦਵਾਰਾਂ ਕ੍ਰਮਵਾਰ ਰਮੋਨਾ ਸਿੰਘ, ਮਨਿੰਦਰ ਸਿੰਘ, ਸਰਨਜੀਤ ਸਿੰਘ ਅਤੇ ਗੌਰਵ ਵਾਲੀਆ ਦੀਆਂ ਭੂਮਿਕਾਵਾਂ ਵਿਚ ਆਪੋ ਆਪਣੀ ਪਾਰਟੀ ਦੇ ਚੋਣ-ਮਨੋਰਥ-ਪੱਤਰ ਅਨੁਸਾਰ ਵਿਚਾਰ ਪ੍ਰਗਟ ਕਰਨ ਤੋਂ ਬਾਅਦ ਪੈਨਲਿਸਟਾਂ ਦੇ ਉਪਰੋਕਤ ਜ਼ੋਰਦਾਰ ਸੁਆਲਾਂ ਦਾ ਸਾਹਮਣਾ ਕਰਨਾ ਪਿਆ ਜਿਨ੍ਹਾਂ ਨੂੰ ਉਨ੍ਹਾਂ ਸਾਰਿਆਂ ਨੇ ਚੈਲਿੰਗ ਵਾਂਗ ਕਬੂਲਦਿਆਂ ਉਨ੍ਹਾਂ ਦੇ ਬਾਖ਼ੂਬੀ ਜੁਆਬ ਦਿੱਤੇ। ਇਸ ਸਾਰੀ ਚੋਣ-ਪ੍ਰਕਿਰਿਆ ਦੀ ਮਹਿਮਾਨਾਂ ਅਤੇ ਵਿਦਿਆਰਥੀਆਂ ਵੱਲੋਂ ਭਰਪੂਰ ਸਰਾਹਨਾ ਕੀਤੀ ਗਈ ਅਤੇ ਸਕੂਲ ਵੱਲੋਂ ਕੀਤੇ ਗਏ ਇਸ ਉਪਰਾਲੇ ਨੂੰ ਬੇਹੱਦ ਸਲਾਹਿਆ ਗਿਆ। ਪ੍ਰਿੰਸੀਪਲ ਧਵਨ ਨੇ ਇਸ ਨੂੰ ਵਿਦਿਆਰਥੀਆਂ ਵਿਚ ਰਾਜਨੀਤਕ ਚੇਤਨਾ ਪੈਦਾ ਕਰਨ ਅਤੇ ਉਨ੍ਹਾਂ ਲਈ ਚੋਣ-ਪ੍ਰਕਿਰਿਆ ਨੂੰ ਅਮਲੀ ਤੌਰ 'ਤੇ ਸਮਝਣ ਦਾ ਖ਼ੂਬਸੂਰਤ ਮੌਕਾ ਦੱਸਿਆ। ਇਸ ਮੌਕੇ ਮਹਿਮਾਨਾਂ ਵਿਚ ਸਿਟੀ ਕਾਂਊਂਸਲਰ ਹਰਕੀਰਤ ਸਿੰਘ ਤੋਂ ਇਲਾਵਾ ਅਗਾਂਹ-ਵਧੂ ਵਿਚਾਰਾਂ ਦੇ ਧਾਰਨੀ ਅੰਮ੍ਰਿਤ ਢਿੱਲੋਂ, 'ਪ੍ਰਾਈਮ ਏਸ਼ੀਆ ਟੀ.ਵੀ.' ਤੋਂ ਨਿਤਿਨ ਚੋਪੜਾ ਤੇ ਰਾਜਬੀਰ ਜੌਹਲ, 'ਸਿੱਖ ਸਪੋਕਸਮੈਨ' ਤੋਂ ਡਾ. ਸੁਖਦੇਵ ਸਿੰਘ ਝੰਡ, 'ਬਰੈਪਟਨ ਗਾਰਡੀਅਨ' ਤੋਂ ਉਨ੍ਹਾਂ ਦੇ ਇਕ ਨੁਮਾਂਇੰਦੇ ਅਤੇ ਕਈ ਹੋਰ ਸ਼ਾਮਲ ਸਨ। ਸਮੁੱਚੇ ਪ੍ਰੋਗਰਾਮ ਦੀ ਕੱਵਰੇਜ 'ਚੈਨਲ ਪੰਜਾਬੀ','ਪਰਵਾਸੀ','ਹਮਦਰਦ', ਆਦਿ ਟੀ.ਵੀ. ਚੈਨਲਾਂ ਵੱਲੋਂ ਕੀਤੀ ਗਈ।


ਡੀਬੇਟ ਸ਼ੁਰੂ ਹੋਣ ਤੋਂ ਪਹਿਲਾਂ ਸ਼ਹੀਦ ਭਗਤ ਸਿੰਘ ਦੇ ਜੀਵਨ ਅਤੇ ਉਨ੍ਹਾਂ ਵੱਲੋਂ ਦੇਸ਼ ਦੀ ਆਜ਼ਾਦੀ ਲਈ ਕੀਤੇ ਗਏ ਸੰਘਰਸ਼ ਸਬੰਧੀ ਫ਼ਿਲਮ 'ਲੀਜੈਂਡ ਆਫ਼ ਭਗਤ ਸਿੰਘ' ਅਤੇ ਟੈਰੀ ਫ਼ੌਕਸ ਫ਼ਿਲਮ ਦੇ ਕੁਝ ਅੰਸ਼ ਵਿਖਾਏ ਗਏ ਜਿਨ੍ਹਾਂ ਦੀ ਵਿਦਿਆਰਥੀਆਂ ਵੱਲੋਂ ਭਰਪੂਰ ਤਾੜੀਆਂ ਨਾਲ ਖ਼ੂਬ ਪ੍ਰਸੰਸਾ ਕੀਤੀ ਗਈ। ਡੀਬੇਟ ਤੋਂ ਬਾਅਦ ਸਕੂਲ ਦੇ ਵਿਦਿਆਰਥੀਆਂ ਨੇ ਮਹਾਨ ਦੌੜਾਕ ਟੈਰੀ ਫ਼ੌਕਸ ਨੂੰ ਯਾਦ ਕਰਦਿਆਂ ਹੋਇਆਂ ਸਿੰਬੌਲਿਕ ਟੈਰੀ ਫ਼ੌਕਸ ਰੱਨ ਵਿਚ ਭਾਗ ਲਿਆ ਜਿਸ ਦੀ ਅਗਵਾਈ ਕੁਝ ਅਧਿਆਪਕਾਂ ਵੱਲੋਂ ਕੀਤੀ ਗਈ ਅਤੇ ਸਕੂਲ ਵਿਚ ਵਾਪਸ ਆਉਣ 'ਤੇ ਸਾਰਿਆਂ ਨੂੰ ਸੰਗਤਰਿਆਂ ਦੀ ਰਿਫ਼ਰੈੱਸ਼ਮੈਂਟ ਦਿੱਤੀ ਗਈ।

# ਟੀ.ਪੀ.ਏ.ਆਰ. ਕਲੱਬ ਦੇ ਮੈਂਬਰਾਂ ਨੇ 'ਖ਼ਾਲਸਾ ਏਡ' ਨੂੰ ਲੋੜਵੰਦਾਂ ਲਈ 5295 ਡਾਲਰ ਦੀ ਸਹਾਇਤਾ ਰਾਸ਼ੀ ਭੇਂਟ ਕੀਤੀ

ਬਰੈਂਪਟਨ, (ਡਾ. ਝੰਡ) -ਪ੍ਰਾਪਤ ਸੂਚਨਾ ਅਨੁਸਾਰ ਬਰੈਂਪਟਨ ਵਿਚ ਪਿਛਲੇ 5-6 ਸਾਲ ਤੋਂ ਵਿਚਰ ਰਹੀ ਟੀ.ਪੀ.ਏ.ਆਰ. ਕਲੱਬ ਜਿਸ ਦੇ ਮੈਂਬਰ ਓਨਟਾਰੀਓ ਦੇ ਵੱਖ-ਵੱਖ ਸ਼ਹਿਰਾਂ ਵਿਚ ਹੋਣ ਵਾਲੀਆਂ ਮੈਰਾਥਨ ਦੌੜਾਂ ਵਿਚ ਸਮੇਂ-ਸਮੇਂ ਭਾਗ ਲੈਂਦੇ ਹਨ, ਉਨ੍ਹਾਂ ਵੱਲੋਂ ਬੀਤੇ ਦਿਨੀਂ ਇਕੱਤਰ ਹੋਈ 5295 ਡਾਲਰ ਦੀ ਰਾਸ਼ੀ ਅੰਤਰ-ਰਾਸਟਰੀ ਪੱਧਰ 'ਤੇ ਮਨੁੱਖਤਾ ਦੇ ਭਲੇ ਲਈ ਕੰਮ ਕਰ ਰਹੀ ਸੰਸਥਾ 'ਖ਼ਾਲਸਾ ਏਡ' ਦੇ ਅਧਿਕਾਰਤ ਮੈਂਬਰਾਂ ਨੂੰ ਭੇਂਟ ਕੀਤੀ ਗਈ।

ਇਸ ਦੇ ਬਾਰੇ ਗੱਲਬਾਤ ਕਰਦਿਆਂ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਨੇ ਇਸ ਪੱਤਰਕਾਰ ਨੂੰ ਦੱਸਿਆ ਕਿ ਕਲੱਬ ਦੇ ਸਰਗਰਮ ਮੈਂਬਰ 'ਸਬਵੇਅ ਰੈਸਟੋਰੈਂਟ' ਦੇ ਮਾਲਕ ਕੁਲਵੰਤ ਸਿੰਘ ਧਾਲੀਵਾਲ ਵੱਲੋਂ ਇਸ ਮੰਤਵ ਲਈ ਕਲੱਬ ਨੂੰ 2500 ਡਾਲਰ ਦੀ ਵੱਡੀ ਰਾਸ਼ੀ ਦਿੱਤੀ ਗਈ ਜਿਸ ਵਿਚ ਕਲੱਬ ਦੇ ਹੋਰ 23 ਮੈਂਬਰਾਂ ਵੱਲੋਂ ਪਾਏ ਗਏ ਯੋਗਦਾਨ ਨਾਲ ਇਹ ਰਕਮ 5295 ਡਾਲਰ ਬਣ ਗਈ ਅਤੇ ਬੀਤੇ ਹਫ਼ਤੇ ਇਹ ਇੱਥੇ ਬਰੈਂਪਟਨ ਵਿਚ 'ਖ਼ਾਲਸਾ ਏਡ' ਦੇ ਸਰਗ਼ਰਮ ਕਾਰਕੁੰਨ ਨੂੰ ਪਹੁੰਚਾ ਦਿੱਤੀ ਗਈ। ਇਸ ਤਰ੍ਹਾਂ ਇਸ ਕਲੱਬ ਦੇ ਮੈਂਬਰ ਜਿੱਥੇ ਵੱਖ-ਵੱਖ ਦੌੜਾਂ ਵਿਚ ਭਾਗ ਲੈ ਕੇ ਕਮਿਊਨਿਟੀ ਵਿਚ ਸਿਹਤਮੰਦ ਤੇ ਤੰਦਰੁਸਤ ਜੀਵਨ ਜਿਊਣ ਦਾ ਸੁਨੇਹਾ ਪਹੁੰਚਾ ਰਹੇ ਹਨ, ਉੱਥੇ ਉਹ ਮਨੁੱਖਤਾ ਦੀ ਸੇਵਾ ਵਿਚ ਵੀ ਆਪਣਾ ਸਰਦਾ-ਬਣਦਾ ਯੋਗਦਾਨ ਪਾ ਰਹੇ ਹਨ।

# ਜਸਪਾਲ ਢਿੱਲੋਂ ਦੇ ਨਾਟਕ 'ਰਿਸ਼ਤੇ' ਦਾ ਹੋਇਆ ਮੰਚਨ





ਬਰੈਂਪਟਨ, (ਡਾ.ਝੰਡ) -ਲੰਘੇ ਐਤਵਾਰ 6 ਅਕਤੂਬਰ ਨੂੰ ਚਿੰਗੁਜ਼ੀ ਪਬਲਿਕ ਸਕੂਲ ਦੇ ਥੀਏਟਰ ਹਾਲ ਵਿਚ ਜਸਪਾਲ ਢਿੱਲੋਂ ਦੀ ਨਿਰਦੇਸ਼ਨਾ ਹੇਠ ਖੇਡਿਆ ਗਿਆ ਨਾਟਕ 'ਰਿਸ਼ਤੇ' ਦਰਸਕਾਂ ਉੱਪਰ ਆਪਣੀ ਅਮਿੱਟ ਛਾਪ ਛੱਡ ਗਿਆ ਜਦੋਂ ਉਨ੍ਹਾਂ ਨੂੰ ਇਸ ਨਾਟਕ ਵਿਚ ਬਜ਼ੁਰਗ ਜੋੜੇ ਦੀ ਆਪਸੀ ਨੋਕ-ਝੋਕ, ਜਵਾਨੀ ਦੀਆਂ ਪੁਰਾਣੀਆਂ ਯਾਦਾਂ ਅਤੇ ਆਪਣੇ ਦੋਹਾਂ ਪੁੱਤਰਾਂ ਤੋਂ ਦੂਰ ਰਹਿੰਦਿਆਂ ਹੰਢਾਏ ਜਾ ਰਹੇ ਇਕੱਲੇਪਨ ਦੇ ਦਰਦ ਦੇ ਅਹਿਸਾਸ ਦਾ ਖ਼ੂਬਸੂਰਤ ਮਿਸ਼ਰਣ ਵੇਖਣ ਨੂੰ ਮਿਲਿਆ ਜਿਸ ਦਾ ਉਨ੍ਹਾਂ ਨੇ ਪੌਣੇ ਦੋ ਘੰਟੇ ਭਰਪੂਰ ਅਨੰਦ ਮਾਣਿਆਂ।

ਨਾਟਕ ਵਿਚ ਪੰਜਾਬ ਦੇ ਇਕ ਸ਼ਹਿਰ ਵਿਚ ਰਹਿੰਦੇ ਭਾਰਤੀ ਫ਼ੌਜ ਦੇ ਰਿਟਾਇਰਡ ਸੂਬੇਦਾਰ ਅਤੇ ਉਸ ਦੀ ਪਤਨੀ ਦੇ ਬਜ਼ੁਰਗੀ ਦਿਨਾਂ ਦੀ ਦਾਸਤਾਨ ਨੂੰ ਮੰਚ 'ਤੇ ਬਾਖ਼ੂਬੀ ਪੇਸ਼ ਕੀਤਾ ਗਿਆ ਜਿਨ੍ਹਾਂ ਦਾ ਵੱਡਾ ਪੁੱਤਰ ਗੋਗੀ ਇੰਜੀਨੀਅਰਿੰਗ ਦੀ ਡਿਗਰੀ ਕਰਕੇ ਆਪਣੇ ਬਾਪ ਦੇ ਕਹਿਣ 'ਤੇ ਅਮਰੀਕਾ ਚਲੇ ਜਾਂਦਾ ਹੈ, ਉੱਥੇ ਉਚੇਰੀ ਪੜ੍ਹਾਈ ਕਰਨ ਤੋਂ ਬਾਅਦ ਨੌਕਰੀ ਕਰਦਾ ਹੈ ਅਤੇ ਅਤੇ ਫਿਰ ਉੱਥੋਂ ਦਾ ਹੀ ਹੋ ਕੇ ਰਹਿ ਜਾਂਦਾ ਹੈ। ਉਹ ਉੱਥੇ ਹੀ ਇਕ ਗੋਰੀ ਲੜਕੀ ਨਾਲ ਵਿਆਹ ਕਰਵਾ ਲੈਂਦਾ ਹੈ ਅਤੇ ਭਾਰਤ ਵੱਲ ਵਾਪਸ ਮੁੜਨ ਦਾ ਨਾਂ ਨਹੀਂ ਲੈਂਦਾ। ਬਜ਼ੁਰਗ ਜੋੜੇ ਦਾ ਦੂਸਰਾ ਪੁੱਤਰ ਰਾਜਾ ਭਾਰਤੀ ਹਵਾਈ ਸੈਨਾ ਵਿਚ ਪਾਇਲਟ ਹੈ। ਗਵਾਂਢੀ ਦੇਸ਼ ਨਾਲ ਜੰਗ ਲੱਗਣ ਕਾਰਨ ਉਸ ਦੀ ਮਨਜ਼ੂਰ ਹੋਈ ਛੁੱਟੀ ਕੈਂਸਲ ਹੋ ਜਾਂਦੀ ਹੈ ਅਤੇ ਉਹ ਉਸ ਜੰਗ ਵਿਚ ਲੜਦਾ ਹੋਇਆ ਸ਼ਹੀਦੀ ਪਾ ਜਾਂਦਾ ਹੈ। ਬਜ਼ੁਰਗ ਜੋੜੇ ਦੀ ਆਪਣੇ ਦੋਹਾਂ ਪੁੱਤਰਾਂ ਦੇ ਵਿਆਹ ਰਚਾਉਣ ਦੀ ਸੱਧਰ ਉਨ੍ਹਾਂ ਦੇ ਦਿਲਾਂ ਵਿਚ ਹੀ ਰਹਿ ਜਾਂਦੀ ਹੈ। ਉਹ ਕਦੇ ਆਪਣੀ ਕਿਸਮਤ ਨੂੰ ਅਤੇ ਕਦੀ ਦੋਹਾਂ ਦੇਸ਼ਾਂ ਵਿਚ ਲੱਗਦੀਆਂ ਲੜਾਈਆਂ ਨੂੰ ਕੋਸਦੇ ਹਨ। ਰੋਂਦੀ ਹੋਈ ਮਾਂ ਦਾ ਵਿਰਲਾਪ ਝੱਲਿਆ ਨਹੀਂ ਜਾਂਦਾ ਜਦੋਂ ਉਹ ਕਹਿੰਦੀ ਹੈ, "ਜੰਗਾਂ ਵਿਚ ਮਰਦੇ ਤਾਂ ਦੋਹੀਂ ਪਾਸੀਂ ਮਾਵਾਂ ਦੇ ਪੁੱਤਰ ਹੀ ਨੇ। ਅੱਗੋਂ ਸਾਡੇ ਲੀਡਰ ਕਹਿੰਦੇ ਆ, ਫ਼ੌਜੀਆਂ ਨੂੰ ਤਨਖ਼ਾਹਾਂ ਜੰਗਾਂ ਵਿਚ ਸ਼ਹੀਦ ਹੋਣ ਲਈ ਹੀ ਮਿਲਦੀਆਂ ਨੇ। ਇਨ੍ਹਾਂ ਲੀਡਰਾਂ ਨੂੰ ਜੰਗਾਂ ਦਾ ਅਸਲੀ ਪਤਾ ਤਾਂ ਲੱਗੇ ਜੇਕਰ ਉਨ੍ਹਾਂ ਦੇ ਆਪਣੇ ਪੁੱਤਰ ਵੀ ਇਨ੍ਹਾਂ ਜੰਗਾਂ ਵਿਚ ਲੜਨ ਤੇ ਸ਼ਹੀਦ ਹੋਣ।" ਇਹ ਬਜ਼ੁਰਗ ਜੋੜਾ ਜ਼ਿੰਦਗੀ ਤੋਂ ਏਨਾ ਨਿਰਾਸ਼ ਹੋ ਜਾਂਦਾ ਹੈ ਕਿ ਦੋਵੇਂ ਜੀਅ ਖ਼ੁਦਕਸ਼ੀ ਕਰਨ ਬਾਰੇ ਸੋਚਦੇ ਹਨ ਪਰ ਐਨ ਮੌਕੇ ‘ਤੇ ਪਹੁੰਚ ਕੇ ਨਾਟਕ ਵਿਚ ਕਰਨਲ ਦਾ ਕਿਰਦਾਰ ਨਿਭਾਅ ਰਿਹਾ ਜਸਪਾਲ ਢਿੱਲੋਂ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਦਾ ਹੈ ਅਤੇ ਆਪਣੇ ਸੰਘਰਸ਼ਮਈ ਜੀਵਨ ਦੀ ਮਿਸਾਲ ਦੇ ਕੇ ਉਨ੍ਹਾਂ ਨੂੰ ਜ਼ਿੰਦਗੀ ਜਿਊਣ ਲਈ ਪ੍ਰੇਰਨਾ ਦਿੰਦਾ ਹੈ।

ਬਜ਼ੁਰਗ ਜੋੜੇ ਦਾ ਕਿਰਦਾਰ ਜਸਪਾਲ ਢਿੱਲੋਂ ਦੇ ਹੋਣਹਾਰ ਨੌਜੁਆਨ ਸਪੁੱਤਰ ਹਰਪ੍ਰੀਤ ਢਿੱਲੋਂ ਅਤੇ ਪੰਜਾਬੀ ਰੰਗਮੰਚ ਦੀ ਉੱਘੀ ਕਲਾਕਾਰ ਲਿਵਲੀਨ ਸਿੰਘ ਨੇ ਬਾਖ਼ੂਬੀ ਨਿਭਾਇਆ ਹੈ। ਹਰਪ੍ਰੀਤ ਢਿੱਲੋਂ ਦਾ ਸਾਰੇ ਨਾਟਕ ਵਿਚ ਲੱਕ 'ਤੇ ਹੱਥ ਰੱਖ ਕੇ ਤੁਰਨਾ ਅਤੇ ਲਿਵਲੀਨ ਦਾ ਵਿਅੰਗਮਈ ਅੰਦਾਜ਼ ਵਿਚ ਪਤੀ ਵੱਲੋਂ ਆਪਣੇ ਵਾਲਾਂ 'ਚ ਤੇਲ ਲੁਆਉਣ, ਬੈੱਡ ਹੇਠਾਂ ਪਏ ਅਟੈਚੀ ਵਿੱਚੋਂ ਧੁੱਪ ਲੁਆਉਣ ਲਈ ਰੇਸ਼ਮੀ ਸਾੜ੍ਹੀਆਂ ਬਾਹਰ ਕੱਢਣ ਅਤੇ ਪਿੰਨੀਆਂ ਭੇਂਟ ਕਰਨ ਅਤੇ ਛੋਟੇ ਪੁੱਤਰ ਰਾਜੂ ਨੂੰ ਭੇਜੇ ਗਏ ਗਜਰੇਲੇ ਦੇ ਡਾਇਲਾਗਾਂ ਨੂੰ ਵੱਖੋ-ਵੱਖਰੀ ਤਰ੍ਹਾਂ ਪੇਸ਼ ਕਰਨਾ ਇਸ ਨਾਟਕ ਦਾ ਵਿਸ਼ੇਸ਼ ਹਾਸਲ ਸੀ। ਸਹਾਇਕ ਕਲਾਕਾਰਾਂ ਵਿਚ ਪਰਮਜੀਤ ਦਿਓਲ ਨੇਂ ਅਮਰੀਕਾ ਤੋਂ ਆਈ ਕੁੜੀ ‘ਜੱਸੀ’ ਦੇ ਰੋਲ ਵਿਚ, ਜਸਪਾਲ ਢਿੱਲੋਂ ਵੱਲੋਂ ਪਾਨ ਖਾਣ ਵਾਲੇ ਫੁਰਤੀਲੇ ਨੌਕਰ ਭਗਤੂ ਤੇ ਰਿਟਾਇਰਡ ਫ਼ੌਜੀ ਕਰਨਲ, ਜੋਗੀ ਸੰਘੇੜਾ ਨੇ ਨੌਜੁਆਨ ਪੇਇੰਗ ਗੈੱਸਟ ਅਤੇ ਕਮਲ ਸ਼ਰਮਾ ਨੇ ਬਜ਼ੁਰਗ ਜੋੜੇ ਦੇ ਅਮਰੀਕਾ ਗਏ ਪੁੱਤਰ ਗੋਗੀ ਦੀਆਂ ਭੂਮਿਕਾਵਾਂ ਵਿਚ ਆਪਣੀ ਕਲਾ ਦੇ ਜੌਹਰ ਵਿਖਾਏ ਹਨ। ਹੋਰ ਭੂਮਿਕਾਵਾਂ ਵਿਚ ਗਵਾਂਢਣ ਨੰਬਰਦਾਰਨੀ ਵਜੋਂ ਕੁਲਦੀਪ ਗਰੇਵਾਲ ਅਤੇ ਛੋਟੀ ਲੜਕੀ ਸ਼ਰਮੀਲਾ ਵਜੋਂ ਗੁਰਮਨ ਪੰਨੂੰ ਨੇ ਵੀ ਨਾਟਕ ਵਿਚ ਬਾਖ਼ੂਬੀ ਕੰਮ ਕੀਤਾ। ਆਵਾਜ਼ ਤੇ ਰੌਸ਼ਨੀ ਨਾਲ ਲੜਾਈ ਦਾ ਸੀਨ ਅਤੇ ਨਾਨਕੀਆਂ-ਦਾਦਕੀਆਂ ਦੀਆਂ ਸਿੱਠਣੀਆਂ ਅਤੇ ਗਿੱਧੇ ਨੇ ਆਪੋ-ਆਪਣੀ ਜਗ੍ਹਾ ਖ਼ੂਬ ਰੌਚਕਤਾ ਭਰੀ ਅਤੇ ਇਨ੍ਹਾਂ ਮੌਕਿਆਂ ਦਾ ਵਧੀਆ ਮਾਹੌਲ ਸਿਰਜਿਆ। ਵੈਸੇ, ਨਾਟਕ ਵਿਚਲੇ ਸਿੱਠਣੀਆਂ ਤੇ ਗਿੱਧੇ ਵਾਲੇ ਸੀਨ ‘ਤੇ ਹੋਰ ਮਿਹਨਤ ਕਰਨ ਦੀ ਜ਼ਰੂਰਤ ਭਾਸਦੀ ਸੀ।


Paramjit Deol
Broker
CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

MISSISSAUGA $975
Tranmere Dr E.: Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

WOODSTOCK $2,000
Photo Not Available
27 Dundas St. : Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

SOUTH DUNDAS $3,000
23 Plaza Dr: Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

MISSISSAUGA $59,000
1224 Dundas St W: Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

CHATHAM-KENT $65,000
Chittim/Blenheim: Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

TORONTO $79,000
Photo Not Available
1308 St Clair Ave W : Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

HAMILTON $99,000
Photo Not Available
77 James St N.: Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

MISSISSAUGA $149,000
17 Tannery St : Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

MISSISSAUGA $169,900
7215 Goreway Dr.: Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

BRAMPTON $199,000
Photo Not Available
10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

BRAMPTON $259,000
Photo Not Available
470 cHrYSLER dr: Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

BRAMPTON $299,000
23 Plaza Dr.: Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

MISSISSAUGA $499,000
5100 Erin Mills Pkwy 2E220: Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

BRANTFORD $499,000
693 Colborne St W.: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

MISSISSAUGA $615,000
7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

BRAMPTON $655,000
32 Tollgate St: Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019


# ਯੂਰਪੀ ਯੂਨੀਅਨ ਵੱਲੋਂ ਬ੍ਰਿਟੇਨ ਨੂੰ ਬ੍ਰੈਗਜ਼ਿਟ ਉੱਤੇ ਦੂਸ਼ਣਬਾਜ਼ੀ ਦੇ ਵਿਰੁੱਧ ਚਿਤਾਵਨੀ

ਲੰਡਨ, 8 ਅਕਤੂਬਰ, (ਪੋਸਟ ਬਿਊਰੋ)- ਯੂਰਪੀ ਯੂਨੀਅਨ ਵਿੱਚੋਂ ਬ੍ਰਿਟੇਨ ਦੇ ਬਾਹਰ ਨਿਕਲਣ (ਬ੍ਰੈਗਜ਼ਿਟ) ਬਾਰੇ ਯੂਰਪੀ ਯੂਨੀਅਨ (ਈ ਯੂ) ਅਤੇ ਬ੍ਰਿਟੇਨ ਵਿਚਕਾਰ ਕੌੜ ਵਧਣ ਪਿੱਛੋਂ ਈ ਯੂ ਨੇ ਅੱਜਮੰਗਲਵਾਰ ਨੂੰ ਬ੍ਰਿਟੇਨ ਨੂੰ ਕਿਹਾ ਕਿ ਉਹ ਬ੍ਰੈਗਜ਼ਿਟ ਉੱਤੇ ਮੂਰਖ਼ਤਾ ਭਰੇ ਦੋਸ਼ ਲਾਉਣੇ ਬੰਦ ਕਰੇ। ਈ ਯੂ ਦਾ ਇਹ ਸਖ਼ਤ ਬਿਆਨ ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਦੇ ਦਫ਼ਤਰ ਡਾਊਨਿੰਗ ਸਟ੍ਰੀਟ ਦੇ ਇੱਕ ਅਧਿਕਾਰੀ ਦੇ ਉਸ ਬਿਆਨ ਤੋਂ ਬਾਅਦ ਆਇਆ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਦੋਵਾਂ ਧਿਰਾਂ ਵਿਚਾਲੇ ਸਮਝੌਤਾ ਸੰਭਵ ਨਹੀਂ, ਕਿਉਂਕਿ ਜਰਮਨ ਚਾਂਸਲਰ ਏਂਜਲਾ ਮਰਕਲ ਨੇ ਇਹੋ ਜਿਹੀ ਇੱਕ ਮੰਗ ਰੱਖ ਦਿੱਤੀ ਹੈ, ਜਿਸ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ।

ਬ੍ਰਿਟੇਨ ਦੇ ਪ੍ਰਧਾਨ ਮੰਤਰੀ ਜੌਨਸਨ ਨੇ ਪਿਛਲੇ ਹਫ਼ਤੇ ਇਕ ਤਜਵੀਜ਼ ਰੱਖੀ ਸੀ, ਜਿਸ ਵਿੱਚ ਹੋਰ ਗੱਲਾਂ ਦੇ ਨਾਲ ਉੱਤਰੀ ਆਇਰਲੈਂਡ ਨੂੰ ਈ ਯੂ ਦੇ ਕਸਟਮ ਯੂਨੀਅਨ ਤੋਂ ਵੱਖ ਰੱਖਣ ਦੀ ਗੱਲ ਕਹੀ ਗਈ ਸੀ। ਮੰਗਲਵਾਰ ਨੂੰ ਜੌਨਸਨ ਤੇ ਮਰਕਲ ਦੀ ਫੋਨ ਉੱਤੇ ਗੱਲ ਹੋਣ ਪਿੱਛੋਂ ਜੌਨਸਨ ਦੇ ਦਫ਼ਤਰ ਦੇ ਇੱਕ ਸੂਤਰ ਨੇ ਕਿਹਾ ਕਿ ਮਰਕਲ ਨੇ ਕਹਿ ਦਿੱਤਾ ਹੈ ਕਿ ਜੇ ਉੱਤਰੀ ਆਇਰਲੈਂਡ ਨੂੰ ਈ ਯੂ ਦੇ ਕਸਟਮ ਯੂਨੀਅਨ ਤੋਂ ਵੱਖ ਕੀਤਾ ਤਾਂ ਫਿਰ ਸਮਝੌਤਾ ਸੰਭਵ ਨਹੀਂ। ਇਸ ਬਾਰੇ ਯੂਰਪੀ ਕੌਂਸਲ ਦੇ ਮੁਖੀ ਡੋਨਾਲਡ ਟਸਕ ਨੇ ਟਵੀਟ ਕਰ ਕੇ ਜੌਨਸਨ ਉੱਤੇ ਗੰਭੀਰ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਜੌਨਸਨ ਬੇਵਕੂਫੀ ਭਰੇ ਦੋਸ਼ ਲਾ ਰਹੇ ਹਨ, ਉਹ ਨਾ ਕੋਈ ਸਮਝੌਤਾ ਕਰਨਾ ਚਾਹੁੰਦੇ ਹਨ, ਨਾ ਬ੍ਰੈਗਜ਼ਿਟ ਦੀ ਦੇਰੀ ਚਾਹੁੰਦੇ ਹਨ, ਨਾ ਸਥਿਤੀ ਪਹਿਲਾਂ ਵਾਲੀ ਰੱਖਣਾ ਚਾਹੁੰਦੇ ਹਨ।

ਈ ਯੂਤੋਂਬ੍ਰਿਟੇਨ ਦੇ ਵੱਖ ਹੋਣ ਵਿੱਚਸਿਰਫ਼ 23 ਦਿਨ ਬਚੇ ਹਨ, ਪਰ ਦੋਵਾਂ ਧਿਰਾਂ ਵਿਚਾਲੇ ਮੱਤਭੇਦਤੋਂ ਬਾਅਦ ਆਪਸੀ ਸਬੰਧਾਂ ਬਾਰੇ ਕਿਸੇ ਤਰ੍ਹਾਂ ਦਾ ਸਮਝੌਤਾ ਹੁੰਦਾ ਨਜ਼ਰ ਨਹੀਂ ਆ ਰਿਹਾ। ਬ੍ਰੈਗਜ਼ਿਟ ਵਿੱਚ ਦੇਰ ਜਾਂ ਬਿਨਾਂ ਸਮਝੌਤੇ ਤੋਂ ਬ੍ਰੈਗਜ਼ਿਟ ਬਾਰੇ ਦੋਵੇਂ ਧਿਰਾਂ ਖ਼ੁਦ ਨੂੰ ਸਾਫ਼ ਦਿਖਾਉਣ ਦੀ ਕੋਸ਼ਿਸ਼ ਵਿੱਚ ਹਨ।

ਬ੍ਰਿਟਿਸ਼ ਪ੍ਰਧਾਨ ਮੰਤਰੀ ਲਗਾਤਾਰ ਕਹਿ ਰਹੇ ਹਨ ਕਿਸਮਝੌਤਾ ਹੋਵੇ ਜਾਂ ਨਾ, 31 ਅਕਤੂਬਰ ਨੂੰ ਉਨ੍ਹਾਂ ਦਾ ਦੇਸ਼ ਈ ਯੂਤੋਂਵੱਖ ਹੋ ਜਾਵੇਗਾ। ਸਮਝੌਤੇ ਦੇ ਸਮਰਥਕ ਪਾਰਲੀਮੈਂਟ ਮੈਂਬਰਾਂ ਦੇ ਦਬਾਅ ਵਿੱਚ ਉਹ ਚੋਣ ਕਰਵਾਉਣ ਦੀ ਗੱਲ ਵੀ ਕਹਿ ਚੁੱਕੇ ਹਨ। ਇਸ ਬਾਰੇ ਆਪਣੇ ਦੇਸ਼ ਵਿੱਚ ਕਾਰੋਬਾਰੀਆਂ ਅਤੇ ਆਮ ਲੋਕਾਂ ਦੀ ਚਿੰਤਾ ਘੱਟ ਕਰਨ ਲਈ ਉਨ੍ਹਾਂ ਦੀ ਸਰਕਾਰ ਨੇ ਮੰਗਲਵਾਰ ਇਕ ਐਮਰਜੈਂਸੀ ਯੋਜਨਾ ਵੀ ਰੱਖੀ ਹੈ, ਜਿਸ ਵਿੱਚ ਮੈਡੀਕਲ ਸਾਮਾਨ ਦੇ ਸਪਲਾਇਰਾਂ ਲਈ ਕੁਝ ਸੁਝਾਅ ਦਿੱਤੇ ਗਏ ਹਨ। 155 ਸਫੇ ਦੇ ‘ਨੋ ਡੀਲ ਰੈਡੀਨੈੱਸ ਰਿਪੋਰਟ’ ਦੇ ਇਸ ਦਸਤਾਵੇਜ਼ ਵਿੱਚ ਦੇਸ਼ ਦੀਆਂ ਸਰਹੱਦਾਂ, ਲੋਕਾਂ ਦੇ ਅਧਿਕਾਰਾਂ, ਊਰਜਾ, ਉਦਯੋਗ ਤੇ ਉੱਤਰੀ ਆਇਰਲੈਂਡ ਬਾਰੇ ਚੁੱਕੇ ਜਾਣ ਵਾਲੇ ਕਦਮਾਂ ਦਾ ਜ਼ਿਕਰ ਹੈ।

ਇਸ ਦੌਰਾਨ ਆਇਰਲੈਂਡ ਨੇ ਮੰਗਲਵਾਰ ਨੂੰ ਬਿਨਾਂ ਸਮਝੌਤੇ ਵਾਲੇ ਬ੍ਰੈਗਜ਼ਿਟ ਦੇ ਹਾਲਾਤ ਵੇਖ ਕੇ ਅਗਲੇ ਸਾਲ ਦਾ ਬਜਟ ਪੇਸ਼ ਕੀਤਾ ਹੈ, ਜਿਸ ਵਿੱਚ ਕੁਝ ਅਜਿਹੇ ਉਪਾਅ ਕੀਤੇ ਗਏ ਹਨ ਕਿ ਈ ਯੂਤੋਂ ਬਿਨਾਂ ਕਿਸੇ ਸਮਝੌਤੇ ਦੇ ਬ੍ਰਿਟੇਨ ਦੇ ਵੱਖ ਹੋਣ ਦੀ ਸਥਿਤੀ ਵਿੱਚ ਕੰਪਨੀਆਂ ਨੂੰ ਮੁਸ਼ਕਲ ਨਾ ਆਵੇ। ਬ੍ਰਿਟੇਨ ਦੇ ਅਧਿਕਾਰ ਹੇਠਲੇ ਉੱਤਰੀ ਆਇਰਲੈਂਡ ਨਾਲ ਦੂਸਰੇ ਆਜ਼ਾਦ ਆਇਰਲੈਂਡ ਦੀ ਸਰਹੱਦ ਲਗਦੀ ਹੈ। ਇਸ ਨੂੰ ਵੇਖ ਕੇ ਆਇਰਲੈਂਡ ਨੇ ਕਿਹਾ ਹੈ ਕਿ ਜੇ ਬਿਨਾਂ ਸਮਝੌਤੇ ਦੇ ਬ੍ਰਿਟੇਨਵੱਖ ਹੋਵੇ ਤਾਂ ਆਰਥਿਕ ਵਿਕਾਸ ਰੁਕ ਸਕਦਾ ਤੇ 80 ਹਜ਼ਾਰ ਤੋਂ ਵੱਧ ਨੌਕਰੀਆਂ ਜਾ ਸਕਦੀਆਂ ਹਨ।



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
Member ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

## ਰੈੱਡ ਵਿੱਲੋ ਕਲੱਬ ਵੱਲੋਂ ਇੰਡੀਆ ਜਾ ਰਹੇ ਮੈਂਬਰਾਂ ਨੂੰ ਵਿਦਾਇਗੀ ਪਾਰਟੀ








( ਰਜੀਤ ਬੇਦੀ): ਬਰੈਂਪਟਨ ਦੀ ਰੈੱਡ ਵਿੱਲੋ ਸੀਨੀਅਰਜ਼ ਕਲੱਬ ਵਲੋਂ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ ਕਾਲਡਰਸਟੋਨ ਪਾਰਕ ਬਰੈਂਪਟਨ ਵਿੱਚ ਇੰਡੀਆ ਜਾ ਰਹੇ ਮੈਂਬਰਾਂ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ। ਕਲੱਬ ਦੇ ਸੱਦੇ ਤੇ ਇਸ ਪਾਰਟੀ ਵਿੱਚ ਆਏ ਮੈਂਬਰਾਂ ਦੀ ਚਾਹ-ਪਾਣੀ ਦੀ ਸੇਵਾ ਤੋਂ ਬਾਦ ਸਟੇਜ ਦਾ ਪਰੋਗਰਾਮ ਸ਼ੁਰੂ ਕੀਤਾ ਗਿਆ। ਪਰਧਾਨਗੀ ਮੰਡਲ ਵਿੱਚ ਕਲੱਬ ਦੇ ਪਰਧਾਨ ਗੁਰਨਾਮ ਸਿੰਘ ਗਿੱਲ, ਪ੍ਰੋ: ਨਿਰਮਲ ਧਾਰਨੀ, ਜੰਗੀਰ ਸਿੰਘ ਸੈਂਭੀ, ਪ੍ਰੋ: ਬਲਵੰਤ ਸਿੰਘ, ਗੁਰਪ੍ਰੀਤ ਢਿੱਲੋਂ ਰੀਜਨਲ ਕਾਊਂਸਲਰ ਅਤੇ ਹਰਕੀਰਤ ਸਿੰਘ ਕਾਊਂਸਲਰ ਬਿਰਾਜਮਾਨ ਸਨ।

ਮਾਸਟਰ ਕੁਲਵੰਤ ਸਿੰਘ ਦੁਆਰਾ ਸਟੇਜ ਦਾ ਪਰੋਗਰਾਮ ਸ਼ੁਰੂ ਕਰਨ ਤੇ ਸਭ ਤੋਂ ਪਹਿਲਾਂ ਪਰਮਜੀਤ ਬੜਿੰਗ ਦੀ ਜੀਵਨ ਸਾਥਣ ਅਤੇ ਇਸ ਕਲੱਬ ਦੀ ਸੁਹਿਰਦ ਮੈਂਬਰ ਬਲਬੀਰ ਬੜਿੰਗ ਦੇ ਸਦੀਵੀ ਵਿਛੋੜੇ ਤੇ ਦੋ ਮਿੰਟ ਦਾ ਮੋਨ ਧਾਰਨ ਕਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਉਸ ਉਪਰੰਤ ਵੱਖ ਵੱਖ ਬੁਲਾਰਿਆਂ ਪ੍ਰੋ: ਨਿਰਮਲ ਧਾਰਨੀ, ਗੁਰਪ੍ਰੀਤ ਢਿੱਲੋਂ, ਐਚ ਐੱਸ ਮਿਨਹਾਸ, ਜੰਗੀਰ ਸਿੰਘ ਸੈਂਭੀ, ਨਿਰਮਲਾ ਪ੍ਰਾਸ਼ਰ, ਹਰਕੀਰਤ ਸਿੰਘ ਆਦਿ ਨੇ ਇੰਡੀਆ ਜਾ ਰਹੇ ਕਲੱਬ ਮੈਂਬਰਾਂ ਨੂੰ ਉਹਨਾਂ ਦੇ ਸਫਰ ਸਬੰਧੀ ਨੁਕਤੇ ਸਾਂਝੇ ਕਰਦਿਆਂ ਉਹਨਾਂ ਦੇ ਸੁੱਖੀ ਸਾਂਦੀ ਵਾਪਸ ਪਰਤਣ ਲਈ ਸ਼ੁਭ ਕਾਮਨਾਵਾਂ ਦਿੱਤੀਆਂ। ਸੀਨੀਅਰ ਐਸੋਸੀਏਸ਼ਨ ਦੇ ਪਰਧਾਨ ਪਰਮਜੀਤ ਬੜਿੰਗ ਨੇ ਸੰਸਥਾ ਦੇ ਕੰਮ ਢੰਗ ਬਾਰੇ ਦੱਸਦਿਆਂ ਕਲੱਬ ਮੈਂਬਰਾਂ ਤੋਂ ਮੰਗ ਕੀਤੀ ਕਿ ਉਹ ਐਸੋਸੀਏਸ਼ਨ ਦੇ ਸਾਲਾਨਾ ਪਰੋਗਰਾਮ ਲਈ ਇੱਕ ਦਿਨ ਹਰ ਹਾਲਤ ਵਿੱਚ ਰਾਖਵਾਂ ਰੱਖਣ। ਇਹ ਇਸ ਲਈ ਜਰੂਰੀ ਹੈ ਕਿ ਲੋਕਾਂ ਦਾ ਏਕਾ ਅਤੇ ਇਕੱਠ ਅਧਿਕਾਰੀਆਂ ਤੇ ਪ੍ਰਭਾਵ ਪਾਉਂਦਾ ਹੈ। ਇਸੇ ਦੌਰਾਨ ਨਿਰਮਲਾ ਪ੍ਰਾਸ਼ਰ, ਸ਼ਿਵਦੇਵ ਸਿੰਘ ਰਾਏ ਅਤੇ ਅਵਤਾਰ ਸਿੰਘ ਬੈਂਸ ਨੇ ਗੀਤਾਂ ਅਤੇ ਕਵਿਤਾਵਾਂ ਦੁਆਰਾ ਸਰੋਤਿਆਂ ਨਾਲ ਸਾਂਝ ਪਾਈ।

ਲੇਡੀ ਮੈਂਬਰਾਂ, ਮਹਿੰਦਰ ਪੱਡਾ, ਨਿਰਮਲਾ ਪਰਾਸ਼ਰ, ਬਲਜੀਤ ਸੇਖੋਂ, ਇੰਦਰਜੀਤ ਗਿੱਲ ਅਤੇ ਸਾਥਣਾਂ ਤੋਂ ਬਿਨਾਂ ਅਮਰਜੀਤ ਸਿੰਘ, ਬਲਵੰਤ ਕਲੇਰ, ਸ਼ਿਵਦੇਵ ਰਾਏ ਅਤੇ ਹੋਰ ਮੈਂਬਰਾਂ ਨੇ ਪਰੋਗਰਾਮ ਦੀ ਸਫਲਤਾ ਲਈ ਵਿਸ਼ੇਸ਼ ਯੋਗਦਾਨ ਪਾਇਆ। ਕਲੱਬ ਵਲੋਂ ਸਟੇਜ ਤੋਂ ਸਾਰੇ ਮੈਂਬਰਾਂ ਦਾ ਸਾਥ ਦੇਣ ਲਈ ਧੰਨਵਾਦ ਕੀਤਾ ਗਿਆ। ਕਲੱਬ ਸਬੰਧੀ ਕਿਸੇ ਵੀ ਪ੍ਰਕਾਰ ਦੀ ਜਾਣਕਾਰੀ ਲਈ ਪਰਧਾਨ ਗੁਰਨਾਮ ਸਿੰਘ ਗਿੱਲ 416-908-1300, ਜਨਰਲ ਸਕੱਤਰ ਕੁਲਵੰਤ ਸਿੰਘ 647-202-7696, ਉੱਪ-ਪਰਧਾਨ ਅਮਰਜੀਤ ਸਿੰਘ 416-268-6821,ਪਰਮਜੀਤ ਬੜਿੰਗ 647-963-0331, ਜੋਗਿੰਦਰ ਸਿੰਘ ਪੱਡਾ 416-219-2542 ਜਾਂ ਸ਼ਿਵਦੇਵ ਸਿੰਘ ਰਾਏ 647-643-6396 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਕੁਲਦੀਪ ਗਰੇਵਾਲ ਨੇ ਕਾਲਿੰਗਵੁੱਡ ਹਾਫ਼-ਮੈਰਾਥਨ 1 ਘੰਟਾ 59 ਮਿੰਟ 41 ਸਕਿੰਟ ’ਚ ਲਾਈ

### ਸੰਜੇ ਗੁਪਤਾ ਨੇ ‘23ਵੀਂ 5 ਕਿਲੋਮੀਟਰ ਵਾਟਰਲੂ ਫ਼ਾਲ ਕਲਾਸਿਕ ਰੱਨ ਤੇ ਵੱਾਕ’ ਵਿਚ ਭਾਗ ਲਿਆ


ਕੁਲਦੀਪ ਗਰੇਵਾਲ



ਸੰਜੇ ਗੁਪਤਾ

ਬਰੈਂਪਟਨ, (ਡਾ. ਝੰਡ) - ਟੀ.ਪੀ.ਏ.ਆਰ. ਕਲੱਬ ਦੇ ਮੈਂਬਰ ਕੁਲਦੀਪ ਗਰੇਵਾਲ ਨੇ ਬੀਤੇ ਸ਼ਨੀਵਾਰ 5 ਅਕਤੂਬਰ ਨੂੰ ਕਾਲਿੰਗਵੁੱਡ ਸ਼ਹਿਰ ਵਿਖੇ ਹੋਈ 'ਕਾਲਿੰਗਵੁੱਡ ਹਾਫ਼-ਮੈਰਾਥਨ' ਵਿਚ ਭਾਗ ਲਿਆ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਵਿਚ 500 ਤੋਂ ਵਧੇਰੇ ਦੌੜਾਕ ਸ਼ਾਮਲ ਹੋਏ ਜਿਨ੍ਹਾਂ ਵਿਚ ਅੱਧੇ ਤੋਂ ਵਧੇਰੇ ਔਰਤਾਂ ਅਤੇ ਬੱਚੇ ਸਨ ਜਿਸ ਤੋਂ ਇਸ ਦੌੜ ਲਈ ਔਰਤਾਂ ਤੇ ਬੱਚਿਆਂ ਵਿਚ ਪਾਏ ਜਾਣ ਵਾਲੇ ਉਤਸ਼ਾਹ ਦਾ ਭਲੀ-ਭਾਂਤ ਪਤਾ ਲੱਗਦਾ ਹੈ।

ਕੁਲਦੀਪ ਗਰੇਵਾਲ ਨੇ ਬਿੱਬ ਨੰਬਰ 181 ਨਾਲ ਇਸ ਹਾਫ਼-ਮੈਰਾਥਨ ਵਿਚ ਸ਼ਮੂਲੀਅਤ ਕਰਕੇ ਇਸ ਨੂੰ ਬਿੱਬ ਵਿਚ ਲੱਗੀ ਚਿੱਪ ਵੱਲੋਂ ਦਰਸਾਏ ਗਏ ਟਾਈਮ ਅਨੁਸਾਰ 1 ਘੰਟਾ 59 ਮਿੰਟ ਤੇ 41 ਸਕਿੰਟਾਂ ਵਿਚ ਸਫ਼ਲਤਾ-ਪੂਰਵਕ ਸੰਪੰਨ ਕੀਤਾ। ਹਾਫ਼-ਮੈਰਾਥਨ ਲਈ ਦੌੜੇ 200 ਤੋਂ ਵਧੇਰੇ ਦੌੜਾਕਾਂ ਵਿਚ ਉਸ ਦਾ 86'ਵਾਂ ਸਥਾਨ ਸੀ ਅਤੇ ਆਪਣੇ 60-64 ਸਾਲ ਉਮਰ ਵਰਗ ਵਿਚ ਉਹ ਤੀਸਰੇ ਸਥਾਨ 'ਤੇ ਰਿਹਾ। ਇਸ ਤਰ੍ਹਾਂ ਉਸ ਨੇ ਆਪਣੇ ਹਾਫ਼-ਮੈਰਾਥਨ ਦੇ ਪਿਛਲੇ ਰਿਕਾਰਡ ਜੋ ਕਿ ਮਿਸੀਸਾਗਾ ਮੈਰਾਥਨ ਦਾ 2 ਘੰਟੇ 2 ਮਿੰਟ 5 ਸਕਿੰਟ ਦਾ ਹੈ, ਵਿਚ ਕਾਫ਼ੀ ਸੁਧਾਰ ਕੀਤਾ ਹੈ ਅਤੇ ਆਪਣੇ ਉਮਰ-ਵਰਗ ਵਿਚ ਵਧੀਆ ਪੋਜ਼ੀਸ਼ਨ ਪ੍ਰਾਪਤ ਕੀਤੀ ਹੈ।


ਏਸੇ ਤਰ੍ਹਾਂ ਕਲੱਬ ਦੇ ਇਕ ਹੋਰ ਮੈਂਬਰ ਸੰਜੂ ਗੁਪਤਾ ਨੇ ਏਸੇ ਦਿਨ ਵਾਟਰਲੂ ਵਿਚ ਹੋਈ 23ਵੀਂ ਫ਼ਾਲ ਕਲਾਸਿਕ ਵਿਚ 5 ਕਿਲੋਮੀਟਰ ਕਲਾਸਿਕ ਰੱਨ ਐਂਡ ਵੱਾਕ ਵਿਚ ਭਾਗ ਲਿਆ ਅਤੇ ਉਸ ਨੇ ਇਹ ਵੱਾਕ 40 ਮਿੰਟ 32 ਸਕਿੰਟ ਵਿਚ ਪੂਰੀ ਕੀਤੀ। ਇਸ ਵੱਾਕ ਵਿਚ 635 ਵੱਾਕਰਾਂ ਨੇ ਹਿੱਸਾ ਲਿਆ ਜਿਨ੍ਹਾਂ ਵਿੱਚੋਂ 338 ਮਰਦ ਅਤੇ 397 ਔਰਤਾਂ ਸਨ। ਇਨ੍ਹਾਂ ਵਿਚ ਬੱਚਿਆਂ ਦੀ ਵੀ ਕਾਫ਼ੀ ਗਿਣਤੀ ਸੀ। ਸੰਜੂ ਗੁਪਤਾ ਇਸ ਦੌੜ ਵਿਚ 607’ਵੇਂ ਸਥਾਨ ‘ਤੇ ਰਿਹਾ ਕਿਉਂਕਿ ਉਸ ਦੇ ਸੱਜੇ ਪੈਰ ਵਿਚ ਆਈ ਮੋਚ ਅਜੇ ਪੂਰੀ ਤਰ੍ਹਾਂ ਠਕਿ ਨਹੀਂ ਹੋਈ ਅਤੇ ਉਸ ਦੇ ਡਾਕਟਰ ਨੇ ਉਸ ਨੂੰ ਦੌੜਨ ਤੋਂ ਮਨ੍ਹਾਂ ਕੀਤਾ ਹੋਇਆ ਹੈ। ਇਸ ਦੇ ਬਾਵਜੂਦ ਉਹ ਵੱਾਕ ਵਿਚ ਹਿੱਸਾ ਲੈ ਲੈਂਦਾ ਹੈ।

ਟੀ.ਪੀ.ਏ.ਆਰ. ਕਲੱਬ ਦੇ ਸਮੂਹ ਮੈਂਬਰਾਂ ਵੱਲੋਂ ਦੋਹਾਂ ਦੌੜਾਕਾਂ ਨੂੰ ਇਨ੍ਹਾਂ ਈਵੈਂਟਾਂ ਵਿਚ ਸਫ਼ਲਤਾ ਪੂਰਵਕ ਭਾਗ ਲੈਣ ਲਈ ਹਾਰਦਿਕ ਵਧਾਈ ਦਿੱਤੀ ਗਈ ਅਤੇ 20 ਅਕਤੂਬਰ ਨੂੰ ਹੋਣ ਵਾਲੀ ਸਕੋਸ਼ੀਆਬੈਂਕ ਵਾਟਰਫ਼ਰੰਟ ਮੈਰਾਥਨ ਵਿਚ ਭਾਗ ਲੈਣ ਲਈ ਉਨ੍ਹਾਂ ਨੂੰ ਸ਼ੁਭ-ਇੱਛਾਵਾਂ ਦਿੱਤੀਆਂ ਗਈਆਂ।

TransExpert ALWAYS DELIVER
NOW HIRING!
Skylark LOGISTICS INC.
Full Time Mechanic Also Needed
Highway US Drivers & Owner Operators Wanted
• 2 year experience must. • Drivers paid 60C per mile.
• Midwest runs. • Direct deposit payments.
• Friendly dispatch and flexible schedule.
• Brand new automatic trucks.
• New trailers so no hastle at scales.
• On site fuel and scale.
Also Flatbed owner operators are needed.
Regular flatbed freight.
*Yards located in Milton ON and Puslinch both on Highway 401
Contact 6474064420 or 6479220000
if busy send txt message.



ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install
Garage Door Openers
• ਕਾਲ ਕਰੋ: 416-357-4082 •





## ਵਿਨੀਪੈਗ ਵਿਖੇ ਸੰਦੀਪ ਸਿੰਘ ਧਾਲੀਵਾਲ ਨਮਿੱਤ ਸ਼ਰਧਾਂਜਲੀ ਸਮਾਗਮ




### ਸੰਦੀਪ ਧਾਲੀਵਾਲ ਨੇ ਅਮਰੀਕਾ ’ਚ ਰਚਿਆ ਇਤਿਹਾਸ : ਕੌੜਾ

ਵਿਨਪੈਗ 8 ਅਕਤੂਬਰ( ਅਮਰਜੀਤ ਢਿੱਲੋਂ ਦਬੜ੍ਹੀਖਾਨਾ)ਸਾਡੀ ਪੰਜਾਬੀ ਸੱਥ ਵਿਨੀਪੈਗ ਵਲੋਂ ਟੈਂਪਲਟਨ ਐਂਬਰ ਟਰੇਲ ਕਮਿਉਨਿਟੀ ਸਕੂਲ ਵਿਖੇ ਸੰਦੀਪ ਸਿੰਘ ਧਾਲੀਵਾਲ ਨਮਿੱਤ ਸ਼ਰਧਾਂਜਲੀ ਸਮਾਗਮ ਕੀਤਾ ਗਿਆ। ਇਸ ਮੌਕੇ ਬੋਲਦਿਆਂ ਜਿਲ੍ਹਾ ਕਪੂਰਥਲਾ ਤੋਂ ਆਏ ਜਸਵੰਤ ਸਿੰਘ ਕੌੜਾ ਨੇ ਕਿਹਾ ਕਿ ਸੰਦੀਪ ਸਿੰਘ ਧਾਲੀਵਾਲ ਨੇ ਅਮਰੀਕਾ ਵਿਚ ਇਤਿਹਾਸ ਰਚਿਆ ਹੈ।ਉਹ ਪਹਿਲਾ ਪੰਜਾਬੀ ਸੀ ਜਿਸਨੇ ਪੱਗ ਬੰਨ੍ਹ ਕੇ ਅਮਰੀਕਾ ਵਿਚ ਪੁਲਿਸ ਚ ਨੌਕਰੀ ਕੀਤੀ ਅਤੇ ਪੰਜਾਬੀ ਭਾਈਚਾਰੇ ਨੂੰ ਚਾਰ ਚੰਨ ਲਾਏ । ਇਕ ਪਾਗਲ ਆਦਮੀ ਦੀ ਗੋਲੀ ਦਾ ਸ਼ਿਕਾਰ ਹੋਏ ਸੰਦੀਪ ਨੂੰ ਅਮਰੀਕਾ ਵਿਚ ਇੱਕੀ ਤੋਪਾਂ ਦੀ ਸਲਾਮੀ ਦਿੱਤੀ ਗਈ ਅਤੇ ਅਮਰੀਕਾ ਦਾ ਝੰਡਾ ਅੱਧਾ ਝੁਕਿਆ ਰਿਹਾ। ਉਹਨਾਂ ਕਿਹਾ ਕਿ ਅਸੀਂ ਉਸ ਜੱਜ ਨੂੰ ਸਲਾਮ ਕਰਦੇ ਹਾਂ ਜਿਸਨੇ ਪਹਿਲੀ ਹੀ ਤਰੀਕ ਉਤੇ ਹਤਿਆਰੇ ਨੂੰ ਮੌਤ ਦੀ ਸਜ਼ਾ ਸੁਣਾਈ। ਲੱਖੇਵਾਲੀ ਦੇ ਮਾਸਟਰ ਸੁਰਜੀਤ ਸਿੰਘ ਬਰਾੜ ਨੇ ਕਿਹਾ ਕਿ ਹਰ ਇਨਸਾਨ ਨੂੰ ਇਸ ਤਰ੍ਹਾਂ ਦੀ ਜ਼ਿੰਦਗੀ ਜਿਉਣੀ ਚਾਹੀਦੀ ਹੈ ਕਿ ਉਹ ਮਨੁੱਖਤਾ ਲਈ ਮਿਸਾਲ ਬਣੇ। ਨਹੀਂ ਤਾਂ ਪਸ਼ੂ ਪੰਛੀ ਵੀ ਜੰਮ ਕੇ ਵੱਡੇ ਹੁੰਦੇ ,ਬੱਚੇ ਪੈਦਾ ਕਰਦੇ ,ਖਾਂਦੇ ਪੀਂਦੇ ਅਤੇ ਮਰ ਜਾਂਦੇ ਹਨ। ਉਹਨਾਂ ਕਿਹਾ ਕਿ ਬਾਬੇ ਨਾਨਕ ਦੇ 550 ਵੇਂ ਜਨਮ ਦਿਵਸ ਮੌਕੇ ਸਾਨੂੰ ਸਭ ਨੂੰ ਕੋਈ ਨਾ ਕੋਈ ਵਧੀਆ ਕੰਮ ਕਰਨਾ ਚਾਹੀਦਾ ਹੈ।ਰੁੱਖ ਲਾਉਣੇ ਚਾਹੀਦੇ ਹਨ, ਪਵਣ ਗੁਰੂ ,ਪਾਣੀ ਪਿਤਾ ਅਤੇ ਮਾਤਾ ਧਰਤ ਦਾ ਮਹੱਤਵ ਸਮਝਣਾ ਚਾਹੀਦਾ ਹੈ । ਹਰ ਇਕ ਨੂੰ ਵਾਤਾਵਰਣ ਦੀ ਰਾਖੀ ਲਈ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ। ਉਹਨਾਂ ਪੰਜ ਸੌ ਪੰਜਾਹ ਰੁਪੈ ਪੰਜ ਥਾਂਵਾਂ ਤੇ ਪੰਜਾਬ ਚਗਰੀਬ ਵਿਦਆਰਥੀਆਂ ਨੂੰ ਦੇਣ ਲਈ ਜਸਵੰਤ ਸਿੰਘ ਕੌੜਾ ਨੂੰ ਦਿਤੇ। ਉਹਨਾਂ ਦੇ ਨਾਲ ਪਰਜੀਤ ਸਿੰਘ ਸਿਧੂ ਰਸੂਲਪੁਰ, ਸੂਬੇਦਾਰ ਹਰਬੰਸ ਸਿੰਘ,ਬਚਿੱਤਰ ਸਿੰਘ ਸਰਪੰਚ ਆਦਿ ਨੇ ਵੀ ਗਰੀਬ ਵਿਦਿਆਰਥੀਆਂ ਦੀ ਮਦਦ ਲਈ ਸ਼੍ਰੀ ਕੌੜਾ ਨੂੰ ਮਾਇਆ ਭੇਂਟ ਕੀਤਾ। ਸਮਾਗਮ ਦੀ ਸ਼ੁਰੂਆਤ ਵਿਚ ਸਭ ਨੇ ਖੜ੍ਹੇ ਹੋ ਕੇ ਸੰਦੀਪ ਧਾਲੀਵਾਲ ਦੀ ਯਾਦ ਵਿਚ ਦੋ ਮਿੰਟ ਦਾ ਮੌਨ ਰੱਖਿਆ। ਸਾਰੇ ਇਕੱਠ ਨੇ ਮਤਾ ਪਾਸ ਕਰਕੇ ਡਿਪਟੀ ਕਮਿਸ਼ਨਰ ਕਪੂਰਥਲਾ ਰਾਹੀਂ ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਕਿ ਢਿਲਵਾਂ ਤੋਂ ਧਾਰੀਵਾਲ ਸੰਦੀਪ ਦੇ ਪਿੰਡ ਬੇਟ ਰਾਹੀਂ ਉਚਾ ਪਿੰਡ ਤੱਕ ਜਾਂਦੀ ਸੜਕ ਦਾ ਨਾਮ ਸੰਦੀਪ ਧਾਲੀਵਾਲ ਰੋਡ ਰੱਖਿਆ ਜਾਵੇ। ਉਹਨਾ ਜਨਹਿਤ ਚੈਰੀਟੇਬਲ ਟਰੱਸਟ ਧਾਲੀਵਾਲ ਵਲੋਂ ਕੀਤੀ ਇਸ ਮੰਗ ਦੀ ਪੁਰਜੋਰ ਹਮਾਇਤ ਕੀਤੀ। ਇਸ ਮੌਕੇ ਗਮਦੂਰ ਸਿੰਘ ਵਿਰਕ, ਕਸ਼ਮੀਰ ਸਿੰਘ ਝੰਡ,ਭੁਪਿੰਦਰ ਸਿੰਘ ਕਾਨੂੰਗੋ,ਅਮਰਜੀਤ ਢਿੱਲੋਂ ਦਬੜ੍ਹੀਖਾਨਾ, ਮਾ: ਬਲਦੇਵ ਸਿੰਘ ਧਾਲੀਵਾਲ ਰਣਸੀਹ ਕੇ, ਡਾ: ਜਗਦੀਪ ਸਿੰਘ ਗੁਰਮੇਲ ਸਿੰਘ ਗਿੰਦੜਪਿੰਡੀ ਅਤੇ ਪਰੀਤਮ ਸਿੰਘ ਦੋਰਾਹਾ ਆਦਿ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।


## ਅਮਰੀਕਾ ਦੇ 40 ਅਟਾਰਨੀ ਜਨਰਲਜ਼ ਵੱਲੋਂ ਫੇਸਬੁੱਕ ਵਿਰੁੱਧ ਜਾਂਚ ਕੀਤੀ ਜਾਵੇਗੀ

ਸਾਨ ਫਰਾਂਸਿਸਕੋ, 8 ਅਕਤੂਬਰ, (ਪੋਸਟ ਬਿਊਰੋ)-ਅਮਰੀਕਾ ਵਿੱਚ ਫੇਸਬੁੱਕ ਦੇ ਖ਼ਿਲਾਫ਼ ਵੱਡੀ ਜਾਂਚ ਵਾਸਤੇ ਆਧਾਰ ਤਿਆਰ ਹੋ ਗਿਆ ਹੈ। ਦੁਨੀਆ ਦੀ ਇਸ ਪ੍ਰਮੁੱਖ ਸੋਸ਼ਲ ਨੈੱਟਵਰਕਿੰਗ ਸਾਈਟ ਦੇ ਖ਼ਿਲਾਫ਼ ਜਾਂਚ ਕਰਨ ਲਈ ਕਰੀਬ 40 ਅਮਰੀਕੀ ਰਾਜਾਂ ਦੇ ਅਟਾਰਨੀ ਜਨਰਲਾਂ ਨੇ ਹੱਥ ਮਿਲਾਇਆ ਹੈ ਕਿ ਮਿਲ ਕੇ ਇਹ ਜਾਂਚ ਕਰਨਗੇ। ਮੀਡੀਆਰਿਪੋਰਟਾਂ ਮੁਤਾਬਕ ਅਟਾਰਨੀ ਜਨਰਲਾਂ ਨੇ ਅੱਜ ਨਿਆਂ ਵਿਭਾਗ ਅਤੇ ਫੈਡਰਲ ਵਪਾਰ ਕਮਿਸ਼ਨ ਵਾਸਤੇ ਜ਼ਿਮੇਵਾਰ ਅਧਿਕਾਰੀਆਂ ਨਾਲ ਮੁਲਾਕ-ਾਤ ਕੀਤੀ ਹੈ। ਨਿਊਯਾਰਕ ਦੀ ਅਟਾਰਨੀ ਜਨਰਲ ਲੇਟਿਟਿਆ ਜੇਮਸ ਨੇ ਦੱਸਿਆ ਹੈ ਕਿ ‘ਫੇਸਬੁੱਕ ਦੀ ਜਾਂਚ ਬਾਰੇ ਸਾਡੀ (ਅਟਾਰਨੀ ਜਨਰਲਾਂ ਦੀ) ਨਿਆਂ ਵਿਭਾਗ ਅਤੇ ਫੈਡਰਲ ਵਪਾਰ ਕਮਿਸ਼ਨ ਬਾਰੇ ਅਧਿਕਾਰੀਆਂ ਨਾਲ ਗੱਲ ਹੋਈ ਹੈ ਤੇ ਅਸੀਂ ਫੇਸਬੁੱਕ ਦੇ ਖ਼ਿਲਾਫ਼ ਇਹ ਪਤਾ ਲਾਉਣ ਲਈ ਜਾਂਚ ਸ਼ੁਰੂ ਕਰ ਰਹੇ ਹਾਂ ਕਿ ਕੀ ਉਸ ਦੇ ਕਦਮਾਂ ਨਾਲ ਗਾਹਕਾਂ ਦਾ ਡਾਟਾ ਖ਼ਤਰੇ ਵਿੱਚ ਪਿਆ ਜਾਂ ਨਹੀਂ? ਇਹ ਵੀ ਪਤਾ ਲਾਇਆ ਜਾਵੇਗਾ ਕਿ ਗਾਹਕਾਂ ਨੂੰ ਮਿਲਣ ਵਾਲੀ ਗੁਣਵੱਤਾ ਵਿੱਚ ਕੋਈ ਕਮੀ ਕੀਤੀ ਜਾਂ ਇਸ਼ਤਿਹਾਰ ਲਈ ਕੀਮਤ ਵਧਾਈ ਗਈ?’

ਅਮਰੀਕੀ ਪਾਰਲੀਮੈਂਟ ਦੀ ਐਂਟੀਟਰੱਸਟ ਕਮੇਟੀ ਪਹਿਲਾਂ ਹੀ ਫੇਸਬੁੱਕ, ਗੂਗਲ, ਐਪਲ, ਐਮਾਜ਼ੋਨ ਤੇ ਹੋਰ ਟੈੱਕ ਕੰਪਨੀਆਂ ਵਿਰੁੱਧ ਜਾਂਚ ਕਰ ਰਹੀ ਹੈ, ਜਿਸ ਵਿੱਚਪਤਾ ਕਰਨਾ ਹੈ ਕਿ ਕੀ ਇਹ ਕੰਪਨੀਆਂ ਮੁਕਾਬਲੇ ਵਿੱਚ ਰੁਕਾਵਟ ਬਣੀਆਂ ਜਾਂ ਇਨ੍ਹਾਂ ਦੇ ਕੰਮ ਨਾਲ ਗਾਹਕਾਂ ਦੇ ਹਿੱਤਾਂ ਨੂੰ ਨੁਕਸਾਨ ਤਾਂ ਨਹੀਂ ਪੁੱਜਾ?

ਇਸ ਦੌਰਾਨ ਫੇਸਬੁੱਕ ਨੂੰ ਵੀਡੀਓ ਇਸ਼ਤਿਹਾਰ ਨਾਲ ਜੁੜੇ ਇਕ ਕੇਸ ਦੇ ਨਿਪਟਾਰੇ ਲਈ ਚਾਰ ਕਰੋੜ ਡਾਲਰ ਦਾ ਜੁਰਮਾਨਾ ਭਰਨਾ ਪਵੇਗਾ। ਫੇਸਬੁੱਕ ਨੇ ਆਪਣੇ ਪਲੇਟਫਾਰਮ ਉੱਤੇ ਚੱਲਦੇ ਵੀਡੀਓ ਇਸ਼ਤਿਹਾਰ ਦਾ ਸਮਾ ਗਿਣਨ ਦੇ ਲਈਗ਼ਲਤੀ ਕੀਤੀ ਸੀ, ਜਿਸ ਦੇ ਲਈ ਇਸ਼ਤਿਹਾਰਦਾਤਾਵਾਂ ਨੇ ਫੇਸਬੁੱਕ ਉੱਤੇਕੇਸ ਕੀਤਾ ਸੀ। ਇਨ੍ਹਾਂ ਦੀਆਂ ਪਟੀਸ਼ਨਾਂ ਉੱਤੇ ਅਮਰੀਕਾ ਦੇ ਫੈਡਰਲ ਵਪਾਰ ਕਮਿਸ਼ਨ ਨੇ ਇਹ ਫ਼ੈਸਲਾ ਸੁਣਾਇਆ ਹੈ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
▷ VISITOR TO CANADA INSURANCE
▷ TRAVEL OUT INSURANCE
▷ INTERNATIONAL STUDENT INSURANCE
▷ OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ
■ ਅਸੀਂ ਸੋਫਾ ਸੈੱਟ ਖ਼ੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6



# ਸੰਪਾਦਕੀ

## ਜਗਮੀਤ ਸਿੰਘ ਦੀ ਡੀਬੇਟ ਵਿੱਚ ਹਾਂ ਪੱਖੀ ਸ਼ਮੂਲੀਅਤ

ਪਰਸੋਂ ਹੋਈ ਸਿਆਸੀ ਪਾਰਟੀਆਂ ਦੇ ਲੀਡਰਾਂ ਦੀ ਡੀਬੇਟ ਵਿੱਚ ਜਗਮੀਤ ਸਿੰਘ ਦੀ ਸ਼ਮੂਲੀਅਤ, ਉਸ ਦੇ ਗੱਲਬਾਤ ਕਰਨ ਦੇ ਸਲੀਕੇ ਅਤੇ ਹਾਜ਼ਰ ਜਵਾਬੀ ਬਾਰੇ ਹਾਂ ਪੱਖੀ ਚਰਚਾ ਚਾਰੇ ਪਾਸੇ ਹੋ ਰਹੀ ਹੈ। ਇਹ ਗੱਲ ਵੱਖਰੀ ਚਰਚਾ ਦਾ ਵਿਸ਼ਾ ਹੈ ਕਿ 21 ਅਕਤੂਬਰ ਨੂੰ ਹੋਣ ਵਾਲੀਆਂ ਚੋਣਾਂ ਦੇ ਨਤੀਜੇ ਐਨ ਡੀ ਪੀ ਲਈ ਇੱਕ ਪਾਰਟੀ ਵਜੋਂ ਕਿਹੋ ਜਿਹੇ ਰਹਿਣਗੇ ਪਰ ਜਗਮੀਤ ਸਿੰਘ ਨੇ ਪਾਰਟੀ ਲੀਡਰ ਵਜੋਂ ਕੌਮੀ ਪੱਧਰ ਉੱਤੇ ਚੰਗੀ ਪਰਫਾਰਮੈਂਸ ਦੇ ਕੇ ਸਿੱਖ ਜਗਤ ਨੂੰ ਮਾਣਮੱਤਾ ਜਰੂਰ ਕੀਤਾ ਹੈ। ਅੱਜ ਕੈਨੇਡੀਅਨ ਸਿੱਖ ਸਿਆਸਤ ਐਨੀ ਪਰਪੱਕ ਹੋ ਗਈ ਹੈ ਕਿ ਲੋਕੀ ਆਪਣੀ ਵੋਟ ਸੋਚ ਸਮਝ ਕੇ ਸਿਆਸੀ ਪਾਰਟੀਆਂ ਨਾਲ ਪ੍ਰਤੀਬੱਧਤਾ ਦੇ ਅਨੁਕੂਲ ਪਾਉਂਦੇ ਹਨ। ਇਸ ਤੱਥ ਦੇ ਬਾਵਜੂਦ ਸ਼ਾਇਦ ਹੀ ਕੋਈ ਕੈਨੇਡੀਅਨ ਸਿੱਖ ਹੋਵੇਗਾ ਜੋ ਜਗਮੀਤ ਸਿੰਘ ਵੱਲੋਂ ਨਿਭਾਏ ਗਏ ਰੋਲ ਉੱਤੇ ਰਸ਼ਕ ਨਹੀਂ ਕਰਦਾ ਹੋਵੇਗਾ।

ਜਿੱਥੇ ਤੱਕ ਵਿੱਦਿਆ ਦਾ ਸੁਆਲ ਹੈ, ਜਗਮੀਤ ਸਿੰਘ ਸ਼ਾਇਦ ਲਿਬਰਲ, ਕੰਜ਼ਰਵੇਟਿਵ, ਗਰੀਨ ਪਾਰਟੀਆਂ ਦੇ ਲੀਡਰਾਂ ਵਿੱਚੋਂ ਸੱਭ ਤੋਂ ਵੱਧ ਪੜ੍ਹਿਆ ਲਿਖਿਆ ਹੈ ਜੋ ਗੱਲ ਉਸਦੇ ਸਲੀਕੇ ਵਿੱਚੋਂ ਸਾਫ਼ ਨਜ਼ਰ ਆਉਂਦੀ ਹੈ। ਉਹ ਆਪਣੀ ਗੱਲ ਨੂੰ ਨਾਪਤੋਲ ਕੇ ਕਰ ਸਕਦਾ ਹੈ ਅਤੇ ਲੋੜ ਪੈਣ ਉੱਤੇ ਮਜਾਕ ਦਾ ਤੜਕਾ ਲਾਉਣ ਦੀ ਸਮਰੱਥਾ ਰੱਖਦਾ ਹੈ। ਵੱਖ 2 ਸਮਿਆਂ ਉੱਤੇ ਵੱਖ 2 ਪ੍ਰਸਥਿਤੀਆਂ ਹੇਠ ਜਿਸ ਢੰਗ ਨਾਲ ਉਸਨੇ ਨਸਲੀ ਭੇਦਭਾਵ ਵਾਲੇ ਕਿਰਦਾਰਾਂ ਨਾਲ ਠੰਰਮਾ ਵਰਤਿਆ, ਉਸ ਨਾਲ ਜਗਮੀਤ ਸਿੰਘ ਦਾ ਨਿੱਜੀ ਗਰਾਫ ਉੱਚਾ ਹੋਣ ਦੇ ਨਾਲ ਨਾਲ ਕੈਨੇਡੀਅਨਾਂ ਦੀ ਸਿਆਸੀ ਨੇਤਾਵਾਂ ਪ੍ਰਤੀ ਪੈਦਾ ਹੋਈ ਉਦਾਸੀਨਤਾ ਨੂੰ ਵੀ ਠੱਲ੍ਹ ਪਈ ਹੈ। ਇਸੇ ਗੁਣ ਕਾਰਣ ਪਰਸੋਂ ਦੀ ਡੀਬੇਟ ਵਿੱਚ ਜਿਹਨਾਂ ਸ਼ਬਦਾਂ ਨਾਲ ਜਗਮੀਤ ਸਿੰਘ ਨੇ ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਮੈਕਸਿਮ ਬਰਨੀਏ ਨੂੰ ਉਸਦੇ ਇੰਮੀਗਰੇਸ਼ਨ ਵਿਰੋਧੀ ਅਤੇ ਨਸਲਵਾਦ ਪੱਖੀ ਰਵਈਏ ਉੱਤੇ ਲਲਕਾਰਿਆ, ਉਹ ਹੋਰ ਕਿਸੇ ਲੀਡਰ ਦੇ ਜ਼ਿਹਨ ਵਿੱਚੋਂ ਨਹੀਂ ਨਿਕਲ ਸਕੇ।

ਡੀਬੇਟ ਵਿੱਚ ਦਿੱਤੇ ਗਏ ਤੇਜ ਤਰਾਰ ਜਵਾਬਾਂ ਕਾਰਣ ਜਗਮੀਤ ਸਿੰਘ ਦੀ ਟਵਿਟਰ ਉੱਤੇ ਬਹੁਤ ਜ਼ਬਰਦਸਤ ਚਰਚਾ ਹੋਈ। ਗਲੋਬਲ ਨਿਊਜ਼ ਵੱਲੋਂ ਇੱਕਤਰ ਕੀਤੇ ਗਏ ਡਾਟਾ ਮੁਤਾਬਕ ਜਗਮੀਤ ਸਿੰਘ ਬਾਰੇ ਟਵਿੱਟਰ ਉੱਤੇ ਇੱਕ ਵਕਤ 70 ਪੁਆਇੰਟ 'ਨੈੱਟ ਪਾਜ਼ਿਟਿਵ' ਦੀ ਰੇਟਿੰਗ ਚੱਲ ਰਹੀ ਸੀ ਜਦੋਂ ਕਿ ਲਿਬਰਲ ਲੀਡਰ ਜਸਟਿਨ ਟਰੂਡੋ ਦੀ ਰੇਟਿੰਗ 55 ਤੋਂ 40 ਉੱਤੇ ਆ ਡਿੱਗੀ। ਕੰਜ਼ਰਵੇਟਿਵ ਲੀਡਰ ਐਂਡਰੀਊ ਸ਼ੀਅਰ ਦੀ ਟਵਿੱਟਰ ਰੇਟਿੰਗ 48 ਤੋਂ 42 ਉੱਤੇ ਆ ਪੁੱਜੀ। ਇੱਕ ਗੁੰਝਲਦਾਰ ਹਿਸਾਬ ਕਿਤਾਬ ਨਾਲ ਨਾਪੀ ਜਾਂਦੀ ਟਵਿੱਟਰ ਰੇਟਿੰਗ ਵਿੱਚ 50 ਦਾ ਅੰਕ ਪਾਜ਼ਿਟਿਵ ਮੰਨਿਆ ਜਾਂਦਾ ਹੈ ਜਦੋਂ ਕਿ 50 ਤੋਂ ਥੱਲੇ ਨੂੰ ਨੈਗੇਟਿਵ। ਟਵਿੱਟਰ ਰੇਟਿੰਗ ਨੂੰ ਸਿਆਸੀ ਰੇਟਿੰਗ ਨਹੀਂ ਮੰਨਿਆ ਜਾਣਾ ਚਾਹੀਦਾ ਕਿਉਂਕਿ ਟੱਵਿਟਰ ਵਰਗੇ ਸੋਸ਼ਲ ਮੀਡੀਆ ਦੀ ਲੋੜੋਂ ਵੱਧ ਕਰਨ ਵਾਲੇ ਕੈਨੇਡੀਅਨ ਚੋਣਾਂ ਵਾਲੇ ਦਿਨ ਘਰੋਂ ਨਿਕਲ ਕੇ ਵੋਟ ਨਾ ਪਾਉਣ ਲਈ ਜਾਣੇ ਹਨ।

ਇਹ ਸਹੀ ਹੈ ਕਿ ਜਗਮੀਤ ਦੇ ਡਰੱਗ, ਗਰਭਪਾਤ ਅਤੇ ਕਿਊਬਿੱਕ ਵਿੱਚ ਲਾਗੂ ਬਿੱਲ 21 ਵਰਗੇ ਮੁੱਦਿਆਂ ਉੱਤੇ ਲਏ ਗਏ ਸਟੈਂਡ ਉੱਤੇ ਬਹੁਤ ਸਾਰੇ ਕੈਨੇਡੀਅਨਾਂ ਵਾਗੂੰ ਸਿੱਖ ਭਾਈਚਾਰੇ ਦੇ ਬਹੁਤ ਲੋਕ ਵੀ ਸਹਿਮਤ ਨਹੀਂ ਹੋਣਗੇ ਪਰ ਉਸ ਵੱਲੋਂ ਸਿੱਖ ਪਹਿਚਾਣ ਨੂੰ ਮਜ਼ਬੂਤ ਕਰਨ ਦੇ ਰੋਲ ਦੀ ਸ਼ਲਾਘਾ ਚਾਰੇ ਪਾਸੇ ਹੋ ਰਹੀ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਬਾਰੇ ਆਮ ਧਾਰਨਾ ਹੈ ਕਿ ਆਪਣੀ ਵਜ਼ਾਰਤ ਵਿੱਚ ਚਾਰ ਸਿੱਖਾਂ ਨੂੰ ਸਥਾਨ ਦੇ ਕੇ ਉਸਨੇ ਸਿੱਖ ਭਾਈਚਾਰੇ ਦੇ ਕੈਨੇਡਾ ਦੇ ਵਿਕਾਸ ਵਿੱਚ ਪਾਏ ਯੋਗਦਾਨ ਦੀ ਕਦਰ ਕੀਤੀ ਹੈ। ਇਸ ਕਦਮ ਲਈ ਸਿੱਖ ਭਾਈਚਾਰੇ ਵੱਲੋਂ ਟਰੂਡੋ ਦੀ ਭਾਰੀ ਸ਼ਲਾਘਾ ਵੀ ਕੀਤੀ ਜਾਂਦੀ ਹੈ ਪਰ ਜਗਮੀਤ ਸਿੰਘ ਨੇ ਕੌਮੀ ਪੱਧਰ ਉੱਤੇ ਆਪਣਾ ਸਥਾਨ ਕਿਸੇ ਦੇ ਸਹਾਰੇ ਨਹੀਂ ਸਗੋਂ ਖੁਦ ਦੀ ਕਾਬਲੀਅਤ ਨਾਲ ਪੈਦਾ ਕੀਤਾ ਹੈ।

ਡੀਬੇਟ ਵਿੱਚ ਜਸਟਿਨ ਟਰੂਡੋ ਦੀ ਢਿੱਲੀ ਕਾਰਗੁਜ਼ਾਰੀ ਅਤੇ ਵੱਖ ਵੱਖ ਸਰਵੇਖਣਾਂ ਮੁਤਾਬਕ ਕੰਜ਼ਰਵੇਟਿਵ ਪਾਰਟੀ ਦੇ ਗਰਾਫ ਦਾ ਲਿਬਰਲ ਪਾਰਟੀ ਦੇ ਤਕਰੀਬਨ ਬਰਾਬਰ ਚੱਲਣਾ ਸੰਭਾਵਨਾ ਪੈਦਾ ਕਰਦਾ ਹੈ ਕਿ ਇਸ ਵਾਰ ਕੈਨੇਡੀਅਨਾਂ ਨੂੰ ਘੱਟ ਗਿਣਤੀ ਸਰਕਾਰ ਦੇ ਦਰਸ਼ਨ ਕਰਨੇ ਪੈ ਜਾਣ। ਘੱਟ ਗਿਣਤੀ ਸਰਕਾਰ ਬਣਨ ਦੀ ਸੂਰਤ ਵਿੱਚ ਐਨ ਡੀ ਪੀ ਹੀ ਇੱਕ ਅਜਿਹੀ ਪਾਰਟੀ ਹੋਵੇਗੀ ਜਿਸਦਾ ਸਰਕਾਰ ਬਣਾਉਣ ਜਾਂ ਢਾਹੁਣ ਵਿੱਚ ਰੋਲ ਬਹੁਤ ਨਾਜ਼ੁਕ ਬਣ ਜਾਵੇਗਾ। ਅਜਿਹੀ ਸਥਿਤੀ ਵਿੱਚ ਜਗਮੀਤ ਸਿੰਘ ਦਾ ਸਿੱਖੀ ਸਰੂਪ ਕਾਫੀ ਲੰਬੇ ਸਮੇਂ ਤੱਕ ਵਿਸ਼ੇਸ਼ ਮੁੱਦਿਆਂ ਉੱਤੇ ਕੈਨੇਡਾ ਦੀ ਸਿਆਸਤ ਵਿੱਚ ਸਰਗਰਮ ਭੂਮਿਕਾ ਨਿਭਾਵੇਗਾ ਜੋ ਸਿੱਖ ਭਾਈਚਾਰੇ ਦੇ ਨੁਕਤੇ ਨਜ਼ਰ ਤੋਂ ਸ਼ੁਭ ਸ਼ਗਨ ਹੋਵੇਗਾ।

## ਘੱਟ ਗਿਣਤੀ ਨਹੀਂ ਅਸੀਂ ਮੈਜੋਰਿਟੀ ਸਰਕਾਰ ਬਣਾਉਣ ਵੱਲ ਵਧ ਰਹੇ ਹਾਂ : ਐਂਡ੍ਰਿਊ ਸ਼ੀਅਰ

...ਪੰਨਾ 1 ਦਾ ਬਾਕੀ

ਉਨ੍ਹਾਂ ਕਿਸੇ ਵੀ ਇਮੀਗ੍ਰੇਸ਼ਨ ਦੇ ਨੰਬਰ ਉਤੇ ਕੋਈ ਗੱਲਬਾਤ ਨਹੀਂ ਕੀਤੀ। ਵਿਦੇਸ਼ ਨੀਤੀ ਉਤੇ ਉਨ੍ਹਾਂ ਗੱਲ ਕਰਦਿਆਂ ਕਿਹਾ ਕਿ ਸਾਡੇ ਭਾਰਤ, ਚੀਨ, ਅਮਰੀਕਾ ਤੇ ਹੋਰਨਾਂ ਮੁਲਕਾਂ ਨਾਲ ਸਬੰਧ ਪੂਰੀ ਤਰ੍ਹਾਂ ਵਿਗੜ ਚੁੱਕੇ ਹਨ, ਜਿਨ੍ਹਾਂ ਨੂੰ ਠੀਕ ਕਰਨਾ ਸਮੇਂ ਦੀ ਲੋੜ ਹੈ ਅਤੇ ਸਾਡੀ ਕੰਜ਼ਰਵੇਟਿਵ ਸਰਕਾਰ ਹੀ ਇਸ 'ਤੇ ਬਿਹਤਰ ਕੰਮ ਕਰ ਸਕੇਗੀ। ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਪੱਕੇ ਹੋਣ ਦੀ ਦਰ ਘੱਟ ਹੋਣ 'ਤੇ ਉਨ੍ਹਾਂ ਵਲੋਂ ਰਿਫਿਊਜ਼ੀ ਅਪਲਾਈ ਕੀਤੇ ਜਾਣ ਦੇ ਸਵਾਲ ਉਤੇ ਐਂਡ੍ਰਿਊ ਸ਼ੀਅਰ ਨੇ ਕਿਹਾ ਕਿ ਮੈਨੂੰ ਇਸ ਮੁੱਦੇ 'ਤੇ ਵਿਸਥਾਰ ਨਾਲ ਜਾਣਨ ਦੀ ਲੋੜ ਹੈ ਤੇ ਜੇ ਇਹ ਮੁੱਦਾ ਇੰਨਾ ਹੀ ਗੰਭੀਰ ਹੈ ਤਾਂ ਅਵੱਛ ਹੀ ਸਾਨੂੰ ਕੰਮ ਕਰਨਾ ਪਏਗਾ। ਇਸੇ ਤਰ੍ਹਾਂ ਹੀ ਵਾਤਾਵਰਨ ਦੇ ਮੁੱਦੇ 'ਤੇ ਵੀ ਉਨ੍ਹਾਂ ਦੇ ਜਵਾਬ ਘੜੇ ਘੜਾਏ ਹੀ ਸਨ। ਇਹ ਪੁੱਛੇ ਜਾਣ 'ਤੇ ਕਿ ਜਗਮੀਤ ਸਿੰਘ ਨੇ ਤੁਹਾਨੂੰ ਹਿਮਾਇਤ ਦੇਣ ਤੋਂ ਨਾਂਹ ਕਰ ਦਿੱਤੀ ਹੈ। ਮਾਈਨਾਰਿਟੀ ਸਰਕਾਰ ਜੇ ਬਣਦੀ ਹੈ ਤਾਂ ਕਿਸ ਦੀ ਹਿਮਾਇਤ ਲਵੋਗੇ? ਤਾਂ ਉਨ੍ਹਾਂ ਕਿਹਾ ਕਿ 21 ਤਰੀਕ ਨੂੰ ਮੈਂ ਘੱਟ ਗਿਣਤੀ ਨਹੀਂ ਮੈਜੋਰਿਟੀ ਸਰਕਾਰ ਬਣਾਵਾਂਗਾ ਅਤੇ ਅਗਲਾ ਪ੍ਰਧਾਨ ਮੰਤਰੀ ਹੋਵਾਂਗਾ। ਇਸੇ ਤਰ੍ਹਾਂ ਹੀ ਉਨ੍ਹਾਂ ਕਿ ਸਾਡੀ ਸਰਕਾਰ ਹਮੇਸ਼ਾ ਹੀ ਟੈਕਸ 'ਚ ਕਟੌਤੀ ਅਤੇ ਲੋਕਾਂ ਦੀ ਬੱਚਤ 'ਚ ਵਾਧਾ ਕਰਦੀ ਹੈ।

## ਬਹਿਸ ਤੋਂ ਬਾਅਦ ਟਰੂਡੋ ਉੱਤਰ ਵੱਲ ਹੋਏ ਰਵਾਨਾ, ਸ਼ੀਅਰ ਤੇ ਜਗਮੀਤ ਸਿੰਘ ਨੇ ਟੋਰਾਂਟੋ 'ਚ ਲਾਇਆ ਡੇਰਾ

...ਪੰਨਾ 1 ਦਾ ਬਾਕੀ

ਇਸ ਦੌਰਾਨ ਸ਼ੀਅਰ ਮਾਰਖਮ ਤੇ ਮਿਸੀਸਾਗਾ ਵਰਗੇ ਸਬਅਰਬਜ਼ ਵਿੱਚ ਜ਼ੋਰ ਲਾ ਰਹੇ ਹਨ, ਜਿੱਥੇ ਉਨ੍ਹਾਂ ਦੀ ਪਾਰਟੀ ਨੂੰ ਲਿਬਰਲਾਂ ਕੋਲੋਂ ਕੁੱਝ ਸੀਟਾਂ ਹਾਸਲ ਕਰਨ ਦੀ ਆਸ ਹੈ।
ਇਸ ਦੌਰਾਨ ਗ੍ਰੀਨ ਪਾਰਟੀ ਦੀ ਆਗੂ ਐਲਿਜ਼ਾਬੈੱਥ ਮੇਅ ਐਨਡੀਪੀ ਦੇ ਸਾਬਕਾ ਐਮਪੀ ਪਿਏਰੇ ਨਾਨਟੇਲ ਨਾਲ ਮਾਂਟਰੀਅਲ ਵਿੱਚ ਕੈਂਪੇਨਿੰਗ ਕਰ ਰਹੀ ਹੈ। ਅੰਗਰੇਜ਼ੀ ਭਾਸ਼ਾ ਦੀ ਬਹਿਸ ਤੋਂ ਬਾਅਦ ਆਗੂਆਂ ਕੋਲ ਹੁਣ ਅਗਲੇ ਤੇ ਆਖਰੀ ਬਹਿਸ ਤੋਂ ਪਹਿਲਾਂ ਚੋਣ ਪ੍ਰਚਾਰ ਲਈ ਥੋੜ੍ਹੇ ਦਿਨ ਹਨ। ਫਰੈਂਚ ਭਾਸ਼ਾ ਦੀ ਆਖਰੀ ਬਹਿਸ ਵੀਰਵਾਰ ਸ਼ਾਮ ਨੂੰ ਹੋਵੇਗੀ।

## ਮੋਗਾ ਸ਼ਹਿਰ ਦੀਆਂ ਸਮਾਜ ਸੇਵੀ ਸੰਸਥਾਵਾਂ ਨੇ ਸ਼ਹਿਰ ਨੂੰ ਸੁੰਦਰ ਬਣਾਉਣ ਲਈ ਲਿਆ ਪ੍ਰਣ

ਮੋਗਾ, 6 ਅਕਤੂਬਰ (ਗਿਆਨ ਸਿੰਘ): ਡਿਪਟੀ ਕਮਿਸ਼ਨਰ ਮੋਗਾ ਸੰਦੀਪ ਹੰਸ ਨੇ ਅੱਜ ਸ਼ਹਿਰ ਨੂੰ ਸਾਫ-ਸੁਥਰਾ ਸੁੰਦਰ ਬਣਾਉਣ ਅਤੇ ਸ਼ਹਿਰ ਵਿੱਚ ਟ੍ਰੈਫਿਕ ਦੀ ਸਮੱਸਿਆ ਨੂੰ ਹੱਲ ਕਰਨ ਲਈ ਜ਼ਿਲ੍ਹੇ ਦੀਆਂ ਸਮੂਹ ਸਮਾਜਸੇਵੀ ਸੰਸਥਾਵਾਂ (ਐਨ.ਜੀ.ਓ.ਜ਼) ਦੇ ਮੁੱਖੀਆਂ ਨਾਲ ਮੀਟਿੰਗ ਕੀਤੀ। ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਨੇ ਸਮਾਜਸੇਵੀ ਸੰਸਥਾਵਾਂ ਕੋਲੋ ਸ਼ਹਿਰ ਨੂੰ ਸਾਫ ਸੁਥਰਾ, ਸੁੰਦਰ ਅਤੇ ਪਲਾਸਟਿਕ ਮੁਕਤ ਬਣਾਉਣ ਲਈ ਸਾਂਝਾ ਸਹਿਯੋਗ ਦੇਣ ਦੀ ਮੰਗ ਕੀਤੀ। ਇਸ ਮੌਕੇ ਉਨ੍ਹਾਂ ਨਾਲ ਉਪ ਮੰਡਲ ਮੈਜਿਸਟ੍ਰੇਟ ਮੋਗਾ ਨਰਿੰਦਰ ਸਿੰਘ ਧਾਲੀਵਾਲ ਵੀ ਮੌਜੂਦ ਸਨ।

ਡਿਪਟੀ ਕਮਿਸ਼ਨਰ ਮੋਗਾ ਸੰਦੀਪ ਹੰਸ ਨੇ ਹਾਜ਼ਰ ਸਮਾਜਸੇਵੀ ਸੰਸਥਾਵਾਂ ਦੇ ਮੁੱਖੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ 3 ਨਵੰਬਰ 2019 ਨੂੰ ਸਭ ਤੋ ਪਹਿਲਾਂ ਮੋਗਾ ਸ਼ਹਿਰ ਨੂੰ ਸਾਫ ਸੁਥਰਾ ਬਣਾਉਣ ਦੀ ਸ਼ੁਰੂਆਤ ਨਗਰ ਨਿਗਮ ਅਤੇ ਸਮਾਜਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਮੋਗਾ ਜੀ.ਟੀ. ਰੋਡ ਦੇ ਡਿਵਾਈਡਰ ਨੂੰ ਸਾਫ ਸੁਥਰਾ ਬਣਾ ਕੇ ਕੀਤੀ ਜਾਵੇਗੀ, ਜਿਸ ਤੋ ਬਾਅਦ ਇੱਥੇ ਪੌਦੇ ਲਗਾਏ ਜਾਣਗੇ। ਉਨ੍ਹਾਂ ਕਿਹਾ ਕਿ ਵਰਡਲ ਕੈਸਰ ਕੇਅਰ ਫਾਊਡੇਸ਼ਨ ਦੇ ਗਲੋਬਲ ਅੰਬੈਸਡਰ ਕੁਲਵੰਤ ਸਿੰਘ ਧਾਲੀਵਾਲ ਵੱਲੋ ਮੋਗਾ ਸ਼ਹਿਰ ਦੇ ਵਾਤਾਵਰਨ ਨੂੰ ਸੁੱਧ ਬਣਾਉਣ ਲਈ ਤਿੰਨ ਹਜ਼ਾਰ ਪੌਦੇ ਵੀ ਮੁਫ਼ਤ ਦਿੱਤੇ ਗਏ ਹਨ। ਡਿਪਟੀ ਕਮਿਸ਼ਨਰ ਨੇ ਸ਼ਹਿਰ ਵਿੱਚੋ ਟ੍ਰੈਫਿਕ ਦੀ ਸਮੱਸਿਆ ਵਿੱਚ ਸੁਧਾਰ ਲਿਆਉਣ ਅਤੇ ਨਿਯਮਾਂ ਦੀ ਅਣਗਹਿਲੀ ਕਾਰਣ ਹੋਣ ਵਾਲੇ ਸੜਕੀ ਹਾਦਸੇ ਘਟਾਉਣ ਲਈ ਸਮਾਜਸੇਵੀ ਸੰਸਥਾਵਾਂ ਨੂੰ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕ ਕਰਨ ਲਈ ਕਿਹਾ। ਉਨ੍ਹਾਂ ਦੱਸਿਆ ਕਿ ਸ਼ਹਿਰ ਦੀਆਂ ਸੜਕਾਂ ਵਿੱਚੋ ਖੱਡੇ ਵੀ ਭਰੇ ਜਾਣਗੇ ਤਾਂ ਕਿ ਸੜਕੀ ਹਾਦਸੇ ਘਟਾਏ ਜਾ ਸਕਣ। ਉਨ੍ਹਾਂ ਲੋਕਾਂ ਨੂੰ ਕਿਹਾ ਕਿ ਪਾਣੀ ਤੇ ਵਾਤਾਵਰਨ ਦੀ ਸੰਭਾਲ ਕਰਨ ਲਈ ਸਰਕਾਰ ਦੁਆਰਾ ਚਲਾਏ ਜਾ ਰਹੇ ਜਲ ਸ਼ਕਤੀ ਅਭਿਆਨ ਵਿੱਚ ਯੋਗਦਾਨ ਪਾਉਣ ਤਾਂ ਕਿ ਪਾਣੀ ਦੀ ਦੁਰਵਰਤੋ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕਿਸਾਨਾਂ ਨੂੰ ਸਿੰਚਾਈ ਲਈ ਜ਼ਿੰਨ੍ਹਾਂ ਹੋ ਸਕੇ ਉਨ੍ਹਾਂ ਟ੍ਰੀਟਡ ਪਾਣੀ ਹੀ ਵਰਤਣ ਲਈ ਕਿਹਾ।

## ਪੀ ਐੱਮ ਸੀ ਬੈਂਕ ਘੋਟਾਲਾ: ਚੰਡੀਗੜ੍ਹ ਦੇ ਗੁਰਦੁਆਰਿਆਂ ਦਾ ਪੈਸਾ ਵੀ ਫਸ ਗਿਆ

### ਕੰਮ ਚਲਾਉਣ ਲਈ ਆਰ ਬੀ ਆਈ ਤੋਂ ਅੱਧੀ ਰਕਮ ਮੰਗੀ ਗਈ

ਚੰਡੀਗੜ੍ਹ, 8 ਅਕਤੂਬਰ, (ਪੋਸਟ ਬਿਊਰੋ)-ਪੰਜਾਬ ਤੇ ਮਹਾਰਾਸ਼ਟਰ ਕੋਆਪ੍ਰੇਟਿਵ (ਪੀ ਐੱਮ ਸੀ) ਬੈਂਕ ਵਿ-ਚਹੋਏ ਵੱਡੇ ਘੁਟਾਲੇ ਵਿੱਚਚੰਡੀਗੜ੍ਹ ਦੇ ਕਈ ਗੁਰੂ-ਘਰਾਂ ਦਾ ਪੈਸਾ ਵੀ ਫਸ ਗਿਆ ਹੈ। ਇਸ ਕਾਰਨ ਚੰਡੀਗੜ੍ਹ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਭਾਰਤੀ ਰਿਜ਼ਰਵ ਬੈਂਕ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਬੈਂਕ ਵਿੱਚ ਗੁਰਦੁਆਰਿਆਂ ਦੇ ਜਮ੍ਹਾਂ ਪੈਸੇ ਦਾ ਘੱਟੋ-ਘੱਟ 50 ਫ਼ੀਸਦੀ ਇਸ ਵਕਤ ਵਿਸ਼ੇਸ਼ ਕੇਸ ਸਮਝ ਕੇ ਰਿਲੀਜ਼ ਕਰਵਾ ਦੇਵੇ।
ਅੱਜ ਏਥੇ ਚੰਡੀਗੜ੍ਹ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐੱਸ ਐੱਸ ਕੋਹਲੀ ਨੇ ਕਿਹਾ ਕਿ ਪੀ ਐੱਮ ਸੀ ਬੈਂਕਦਾ ਘੁਟਾਲਾ ਹੋਣ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਦੇ ਇਸ ਸ਼ਹਿਰ ਵਿੱਚ ਹੋ ਰਹੇ ਸਮਾਗਮਾਂ ਲਈ ਗੁਰਦੁ-ਆਰਾ ਪ੍ਰਬੰਧ ਉੱਤੇਅਸਰ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇ ਉਹ ਗ਼ਲਤ ਨਹੀਂਤਾਂ ਚੰਡੀਗੜ੍ਹਦੇ ਕਈ ਗੁਰੂ ਘਰਾਂ ਦਾ ਕਾਫ਼ੀ ਪੈਸਾ ਇਸ ਬੈਂਕ ਵਿੱਚ ਜਮ੍ਹਾਂ ਸੀ, ਇਸੇ ਲਈ ਉਨ੍ਹਾਂ ਨੇ ਅੱਧਾ ਪੈਸਾ ਰਿਲੀਜ਼ ਕਰਨ ਲਈਆਰ ਬੀ ਆਈਨੂੰ ਬੇਨਤੀ ਕੀਤੀ ਹੈ। ਜੇਏਦਾਂ ਨਾ ਹੋਇਆ ਤਾਂ ਗੁਰਪੁਰਬ ਸਮਾਗਮਾਂ ਉੱਤੇ ਅਸਰ ਪੈ ਸਕਦਾ ਹੈ।
ਇਸ ਦੌਰਾਨ ਅਕਾਲੀ ਆਗੂ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਪੀ ਐੱਮ ਸੀ ਬੈਂਕ ਵਿੱਚ ਹੋਏ ਧੋਖਾਧੜੀ ਦੇ ਕੇਸ ਵਿੱਚ ਰਿਜ਼ਰਵ ਬੈਂਕ ਨੂੰ ਜ਼ਿੰਮੇਵਾਰ ਕਿਹਾ ਹੈ। ਉਨ੍ਹਾਂ ਕਿਹਾ ਕਿ ਇਹ ਇਕ ਕੋਆਪਰੇਟਿਵ ਬੈਂਕ ਹੈ, ਪਰ ਇਸ ਨੂੰ ਰਿਜ਼ਰਵ ਬੈਂਕ ਸੰਭਾਲਦਾ ਹੈ ਅਤੇ ਇਸ ਦੇ ਸਾਰੇ ਮਾਮਲੇ ਰਿਜ਼ਰਵ ਬੈਂਕ ਵੱਲੋਂਸਿੱਧੇ ਸੰਭਾਲੇਜਾਂਦੇ ਹਨ ਅਤੇ ਇਸ ਦੀ ਜ਼ਿੰਮੇਵਾਰੀ ਵੀ ਰਿਜ਼ਰਵ ਬੈਂਕ ਦੀ ਹੈ।ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਬੈਂਕ ਦੇ ਖਪਤਕਾਰਾਂ ਨੇ ਆਪਣਾ ਪੈਸਾ ਕਿਸੇ ਰਾਹ ਜਾਂਦੇ ਬੰਦੇ ਨੂੰ ਨਹੀਂ ਦਿੱਤਾ, ਇਹ ਪੈਸਾ ਸਰਕਾਰ ਨੂੰ ਦਿੱਤਾ ਗਿਆ ਸੀ ਅਤੇ ਬੈਂਕਦੀ ਧੋਖਾਧੜੀ ਲਈ ਰਿਜ਼ਰਵ ਬੈਂਕ ਜ਼ਿੰਮੇਵਾਰ ਹੈ। ਉਨ੍ਹਾਂ ਨੇ ਰਿਜ਼ਰਵ ਬੈਂਕਤੋਂ ਮੰਗ ਕੀਤੀ ਕਿ ਉਹ ਖਪਤਕਾਰਾਂ ਦੇ ਪੈਸੇ ਵਾਪਸ ਕਰਾਉਣ ਦਾ ਯਤਨ ਕਰੇ। ਵਰਨਣ ਯੋਗ ਹੈ ਕਿ ਮਨਜਿੰਦਰ ਸਿੰਘ ਸਿਰਸਾ ਦਿੱਲੀ ਦੇ ਰਾਜੌਰੀ ਗਾਰਡਨ ਵਿਧਾਨ ਸਭਾ ਹਲਕੇਤੋਂਭਾਜਪਾ ਟਿਕਟ ਉੱਤੇ ਜਿੱਤੇ ਹੋਏ ਵਿਧਾਇਕ ਵੀ ਹਨ।

## ਨਫਰਤ ਭਰੇ ਸੁਨੇਹੇ ਤੇ ਮੌਤ ਦੀਆਂ ਧਮਕੀਆਂ ਤੋਂ ਬਾਅਦ ਸੀਰੀਆਈ ਰੈਸਟੋਰੈਂਟ ਬੰਦ ਕਰਨ ਦਾ ਮਾਲਕਾਂ ਨੇ ਕੀਤਾ ਫੈਸਲਾ




ਟੋਰਾਂਟੋ, 8 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਵਿੱਚ ਮਸ਼ਹੂਰ ਸੀਰੀਆਈ ਰੈਸਟੋਰੈਂਟ ਦੇ ਮਾਲਕਾਂ ਦਾ ਕਹਿਣਾ ਹੈ ਕਿ ਪਿਛਲੇ ਹਫਤੇ ਉਨ੍ਹਾਂ ਦੇ ਪਰਿਵਾਰ ਤੇ ਸਟਾਫ ਨੂੰ ਨਫਰਤ ਨਾਲ ਭਰੇ ਸੁਨੇਹੇ ਦੇ ਨਾਲ ਨਾਲ ਜਾਨੋਂ ਮਾਰਨ ਦੀਆਂ ਮਿਲ ਰਹੀਆਂ ਧਮਕੀਆਂ ਕਾਰਨ ਉਹ ਸਥਾਈ ਤੌਰ ਉੱਤੇ ਆਪਣੀ ਇਹ ਦੁਕਾਨ ਬੰਦ ਕਰਨ ਜਾ ਰਹੇ ਹਨ।
ਪਿੱਛੇ ਜਿਹੇ ਕੈਨੇਡਾ ਮਾਈਗ੍ਰੇਟ ਹੋਏ ਸੀਰੀਆਈ ਪਰਿਵਾਰ ਵੱਲੋਂ ਚਲਾਏ ਜਾ ਰਹੇ ਕੁਈਨ ਵੈਸਟ ਉੱਤੇ ਸਥਿਤ ਰੈਸਟੋਰੈਂਟ ਸੂਫੀਜ਼ ਨੂੰ ਉਸ ਸਮੇਂ ਤੋਂ ਨਫਰਤ ਭਰੇ ਸੁਨੇਹੇ ਮਿਲ ਰਹੇ ਹਨ ਜਦੋਂ ਤੋਂ ਰੈਸਟੋਰੈਂਟ ਮਾਲਕਾਂ ਦਾ ਲੜਕਾ ਹੈਮਿਲਟਨ ਵਿੱਚ ਹੋਏ ਮੈਕਸਿਮ ਬਰਨੀਅਰ ਦੀ ਪੀਪਲਜ਼ ਪਾਰਟੀ ਆਫ ਕੈਨੇਡਾ (ਪੀਪੀਸੀ) ਦੇ ਫੰਡਰੇਜ਼ਰ ਸਮਾਰੋਹ ਵਿੱਚ ਇੱਕ ਘਟਨਾ ਵਿੱਚ ਸ਼ਾਮਲ ਹੋਇਆ। ਆਨਲਾਈਨ ਸਰਕੂਲੇਟ ਹੋ ਰਹੇ ਇੱਕ ਵੀਡੀਓ ਵਿੱਚ ਨਜ਼ਰ ਆ ਰਿਹਾ ਹੈ ਕਿ 29 ਸਤੰਬਰ ਨੂੰ ਹੋਏ ਇਸ ਈਵੈਂਟ ਵਿੱਚ ਮੋਹਾਕ ਕਾਲਜ ਦੇ ਬਾਹਰ ਮੁਜ਼ਾਹਰਾਕਾਰੀਆਂ ਵੱਲੋਂ ਇੱਕ ਬਜ਼ੁਰਗ ਮਹਿਲਾ ਨੂੰ ਤੰਗ ਪਰੇਸ਼ਨ ਕੀਤਾ ਗਿਆ।
ਮੁਜ਼ਾਹਰਾਕਾਰੀਆਂ ਵੱਲੋਂ ਉਸ ਮਹਿਲਾ ਨੂੰ ਇਮਾਰਤ ਵਿੱਚ ਦਾਖਲ ਹੋਣ ਤੋਂ ਰੋਕਿਆ ਗਿਆ ਤੇ ਕੁੱਝ ਮੁਜ਼ਾਹਰਾਕਾਰੀਆਂ ਨੇ ਤਾਂ ਉਸ ਬਜ਼ੁਰਗ ਮਹਿਲਾ ਨੂੰ ਨਾਜ਼ੀਆਂ ਦਾ ਕੂੜਾ ਵੀ ਦੱਸਿਆ। ਹੈਮਿਲਟਨ ਪੁਲਿਸ ਨੇ ਵੀ ਬਾਅਦ ਵਿੱਚ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਹ ਇਸ ਮਾਮਲੇ ਦੀ ਜਾਂਚ ਕਰ ਰਹੇ ਹਨ ਤੇ ਉਨ੍ਹਾਂ ਆਖਿਆ ਕਿ ਇਸ ਸਬੰਧ ਵਿੱਚ ਚਾਰਜਿਜ਼ ਵੀ ਪੈਂਡਿੰਗ ਪਏ ਹਨ। ਇਸ ਘਟਨਾ ਦਾ ਪਤਾ ਲੱਗਣ ਉੱਤੇ ਬਰਨੀਅਰ ਵੱਲੋਂ ਮਹਿਲਾ ਦੇ ਹੱਕ ਵਿੱਚ ਕਈ ਟਵੀਟ ਕੀਤੇ ਗਏ। ਉਨ੍ਹਾਂ ਟਵੀਟ ਵਿੱਚ ਮਹਿਲਾ ਦਾ ਸ਼ੁਕਰੀਆ ਅਦਾ ਕਰਦਿਆਂ ਲਿਖਿਆ ਕਿ ਆਜ਼ਾਦ ਖਿਆਲ ਸੁਣਨ ਲਈ ਖੜ੍ਹੇ ਹੋਣ ਵਾਸਤੇ ਤੁਹਾਡਾ ਬਹੁਤ ਬਹੁਤ ਧੰਨਵਾਦ। ਸਾਨੂੰ ਆਪਣੇ ਦੇਸ਼ ਨੂੰ ਮਜ਼ਬੂਤ ਤੇ ਆਜ਼ਾਦ ਰੱਖਣ ਲਈ ਤੁਹ-ਾਡੇ ਵਰਗੇ ਦਲੇਰ ਲੋਕਾਂ ਦੀ ਲੋੜ ਹੈ।
ਕਈ ਦਿਨਾਂ ਬਾਅਦ ਫੇਸਬੁੱਕ ਉੱਤੇ ਪਬਲਿਸ਼ ਕੀਤੇ ਗਏ ਮੁਆਫੀਨਾਮੇ ਵਿੱਚ ਰੈਸਟੋਰੈਂਟ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਨ੍ਹਾਂ ਦਾ ਲੜਕਾ ਅੱਲਾ ਵੀ ਮੁਜ਼ਾਹਰਾਕਾਰੀਆਂ ਵਿੱਚੋਂ ਇੱਕ ਸੀ। ਇਸ ਮੁਆਫੀਨਾਮੇ ਵਿੱਚ ਆਖਿਆ ਗਿਆ ਹੈ ਕਿ ਅੱਲਾ ਨੂੰ ਇਸ ਗੱਲ ਦਾ ਪਛਤਾਵਾ ਹੈ ਕਿ ਉਹ ਇਸ ਤਰ੍ਹਾਂ ਦੀ ਘਟਨਾ ਵਾਪਰਨ ਸਮੇਂ ਨਾ ਤਾਂ ਪਾਸੇ ਹੋ ਸਕਿਆ ਤੇ ਨਾ ਹੀ ਉਸ ਮਹਿਲਾ ਖਿਲਾਫ ਹੋ ਰਹੇ ਗਾਲੀ ਗਲੌਜ ਖਿਲਾਫ ਖੜ੍ਹਾ ਹੋ ਸਕਿਆ। ਇਸ ਲਈ ਉਹ ਨਿਜੀ ਤੌਰ ਉੱਤੇ ਮਹਿਲਾ ਤੋਂ ਮੁਆਫੀ ਮੰਗਣੀ ਚਾਹੁੰਦਾ ਹੈ। ਪਰਿਵਾਰ ਨੇ ਇਹ ਵੀ ਲਿਖਿਆ ਕਿ ਉਨ੍ਹਾਂ ਦੇ ਲੜਕੇ ਨੇ ਨਾ ਹੀ ਜ਼ੁਬਾਨੀ ਤੇ ਨਾ ਹੀ ਫਿਜ਼ੀਕਲੀ ਮਹਿਲਾ ਉੱਤੇ ਹਮਲਾ ਕੀਤਾ।
ਪਰਿਵਾਰ ਨੇ ਆਪਣੇ ਇਨਸਟਾਗ੍ਰਾਮ ਵਾਲੇ ਪੇਜ ਉੱਤੇ ਲਿਖਿਆ ਕਿ ਸਾਡਾ ਪਰਿਵਾਰ ਕਦੇ ਵੀ ਨਫਰਤ, ਹਿੰਸਾ ਜਾਂ ਕਿਸੇ ਨੂੰ ਤੰਗ ਪਰੇਸ਼ਾਨ ਕਰਨ ਦੇ ਹੱਕ ਵਿੱਚ ਨਹੀਂ ਹੈ। ਅਸੀਂ ਸ਼ਾਂਤੀ, ਸਮਾਨ-ਤਾ ਤੇ ਸਾਰੇ ਮਨੁੱਖਾਂ ਲਈ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਚਾਹੁੰਦੇ ਹਾਂ।
ਪਰਿਵਾਰ ਨੇ ਦੱਸਿਆ ਕਿ ਪਿਛਲੇ ਹਫਤੇ ਤੋਂ ਉਨ੍ਹਾਂ ਨੂੰ ਮਿਲ ਰਹੇ ਨਫਰਤ ਭਰੇ ਸੁਨੇਹਿਆਂ ਤੇ ਮੌਤ ਦੀਆਂ ਧਮਕੀਆਂ ਕਾਰਨ ਉਹ ਇਹ ਰੈਸਟੋਰੈਂਟ ਬੰਦ ਕਰਨ ਲਈ ਮਜਬੂਰ ਹਨ। ਉਹ ਆਪਣੇ ਪਰਿਵਾਰ ਤੇ ਸਟਾਫ ਨੂੰ ਨੁਕਸਾਨ ਨਹੀਂ ਹੋਣ ਦੇਣਾ ਚਾਹੁੰਦੇ।
ਮੰਗਲਵਾਰ ਸ਼ਾਮ ਨੂੰ ਅਲਸੂਫੀ ਪਰਿਵਾਰ ਨੇ ਇੱਕ ਹੋਰ ਬਿਆਨ ਜਾਰੀ ਕਰਕੇ ਆਖਿਆ ਕਿ ਸ਼ੁੱਕਰਵਾਰ ਨੂੰ ਉਨ੍ਹਾਂ ਦੇ ਲੜਕੇ ਉੱਤੇ ਹਮਲਾ ਕੀਤਾ ਗਿਆ ਤੇ ਇਸ ਤੋਂ ਬਾਅਦ ਹੀ ਉਨ੍ਹਾਂ ਆਪਣਾ ਰੈਸਟੋਰੈਂਟ ਬੰਦ ਕਰਨ ਦਾ ਫੈਸਲਾ ਕੀਤਾ ਹੈ।

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਹਿਲੇ ਚਰਨ ਸੇਵਕ ਬ੍ਰਹਮ ਗਿਆਨੀ ਭਾਈ ਲਾਲੋ ਜੀ ਦਾ ਜਨਮ ਦਿਹਾੜਾ ਮਨਾਇਆ

ਮੋਗਾ, 8 ਅਕਤੂਬਰ (ਗਿਆਨ ਸਿੰਘ): ਭਾਈ ਲਾਲੋ ਜੀ ਵੈਲਫੇਅਰ ਸੁਸਾਇਟੀ ਵੱਲੋਂ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਹਿਲੇ ਚਰਨ ਸੇਵਕ ਬ੍ਰਹਮ ਗਿਆਨੀ ਭਾਈ ਲਾਲੋ ਜੀ ਦਾ ਜਨਮ ਦਿਹਾੜਾ ਹਰ ਸਾਲ ਦੀ ਤਰਾਂ ਵਿਸਵਕਰਮਾ ਭਵਨ ਕੋਟਕਪੂਰਾ ਬਾਈਪਾਸ ਮੋਗਾ ਵਿਖੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਧਾਰਮਿਕ ਸਮਾਗਮ ਦੇ ਰੂਪ ਵਿੱਚ ਮਨਾਇਆ ਗਿਆ। ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਰਾਗੀ ਸਿੰਘਾਂ ਸੋਹਣ ਸਿੰਘ ਖਾਲਸਾ ਦੇ ਜਥੇ ਨੇ ਭਾਈ ਲਾਲੋ ਜੀ ਦੇ ਜੀਵਨ ਬਿਰਤਾਂਤ ਤੇ ਚਾਨਣਾ ਪਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਮੋਗਾ ਹਲਕੇ ਦੇ ਵਿਧਾਇਕ ਡਾ. ਹਰਜੋਤ ਕਮਲ ਪਹੁੰਚੇ ਅਤੇ ਉਨਾਂ ਸਮਾਗਮ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਸਾਨੂੰ ਆਪਣੇ ਗੁਰੂਆਂ ਅਤੇ ਪੀਰਾਂ ਦੇ ਜਨਮ ਦਿਹਾੜੇ ਵੱਡੀ ਪੱਧਰ ਤੇ ਮਨਾਉਣੇ ਚਾਹੀਦੇ ਹਨ ਤਾਂ ਜੋ ਸਾਡੀ ਨੌਜਵਾਨ ਪੀੜੀ ਨੂੰ ਸਿੱਖ ਇਤਿਹਾਸ ਬਾਰੇ ਜਾਣਕਾਰੀ ਹਾਸਲ ਹੋ ਸਕੇ। ਉਨਾਂ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਸਾਡੀ ਨੌਜਵਾਨ ਪੀੜੀ ਸਿੱਖੀ ਨਾਲੋ ਟੁੱਟ ਰਹੀ ਹੈ। ਉਨਾਂ ਕਿਹਾ ਕਿ ਨੌਜਵਾਨਾਂ ਨੂੰ ਸਿੱਖੀ ਨਾਲ ਜੋੜਨ ਲਈ ਕੱਟੜਤਾ ਛੱਡ ਕੇ ਨਿਮ-ਰਤਾ ਅਤੇ ਪਿਆਰ ਨਾਲ ਕੰਮ ਕਰਨਾ ਹੋਵੇਗਾ।

ਕੈਨੇਡੀਅਨ ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.













GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648










## ਪੁਸਤਕ ਰੀਵਿਊ

# 'ਕਲਿ ਤਾਰਣਿ ਗੁਰ ਨਾਨਕ ਆਇਆ: ਸ੍ਰੀ ਗੁਰੂ ਨਾਨਕ ਦੇਵ ਜੀ, ਜੀਵਨ ਤੇ ਪ੍ਰਮੁੱਖ ਗੁਰਦੁਆਰੇ'

(ਰੀਵਿਊਕਾਰ: ਡਾ. ਸੁਖਦੇਵ ਸਿੰਘ ਝੰਡ)

ਲੇਖਕ ਡਾ. ਰੂਪ ਸਿੰਘ, ਅੰਮ੍ਰਿਤਸਰ, ਸਿੰਘ ਬ੍ਰਦਰਜ਼, 2019, ਪੰਨੇ 84
(ਰੰਗਦਾਰ ਤਸਵੀਰਾਂ ਸਮੇਤ), (ISBN 81-7205-629-X)




ਗੁਰੂ ਨਾਨਕ ਦੇਵ ਜੀ ਦਾ 550'ਵਾਂ ਪ੍ਰਕਾਸ਼ ਪੁਰਬ ਇਸ ਸਾਲ 12 ਨਵੰਬਰ ਨੂੰ ਸੰਸਾਰ-ਭਰ ਵਿਚ ਬੜੇ ਸਤਿਕਾਰ ਅਤੇ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਨਾ ਕੇਵਲ ਸਿੱਖ ਜਗਤ ਵਿਚ ਹੀ, ਸਗੋਂ ਸਾਰੀ ਦੁਨੀਆਂ ਦੇ ਮੁਸਲਿਮ ਭਾਈਚਾਰੇ ਅਤੇ ਹੋਰ ਧਰਮਾਂ ਦੇ ਲੋਕਾਂ ਵੱਲੋਂ ਵੀ ਇਸ ਸਬੰਧੀ ਕਈ ਤਰ੍ਹਾਂ ਦੇ ਸਮਾਗ਼ਮ ਕੀਤੇ ਜਾ ਰਹੇ ਹਨ। ਜਿੱਥੇ ਵੱਖ-ਵੱਖ ਧਾਰਮਿਕ ਅਤੇ ਸੱਭਿਆਚਾਰਕ ਸੰਸਥਾਵਾਂ ਵੱਲੋਂ ਇਸ ਪੁਰਬ ਨੂੰ ਮਨਾਉਣ ਲਈ ਕਈ ਪ੍ਰੋਗਰਾਮ ਉਲੀਕੇ ਗਏ ਹਨ ਜਿਨ੍ਹਾਂ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੇ ਉਨ੍ਹਾਂ ਦੀਆਂ ਸਿੱਖਿਆਵਾਂ ਸਬੰਧੀ ਸੈਮੀਨਾਰ, ਕਾਨਫ਼ਰੰਸਾਂ ਅਤੇ ਕਵੀ-ਦਰਬਾਰ ਕਰਵਾਏ ਜਾ ਰਹੇ ਹਨ, ਉੱਥੇ ਨਿੱਜੀ ਤੌਰ 'ਤੇ ਵੀ ਬਹੁਤ ਸਾਰੇ ਵਿਅੱਕਤੀਆਂ ਵੱਲੋਂ ਹੋਰ ਕਈ ਕਿਸਮ ਦੇ ਯਤਨ ਕੀਤੇ ਜਾ ਰਹੇ ਹਨ ਜਿਨ੍ਹਾਂ ਵਿਚ ਗੁਰੂ ਸਾਹਿਬ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ ਸਬੰਧੀ ਪੁਸਤਕਾਂ ਛਪਵਾਈਆਂ ਜਾ ਰਹੀਆਂ ਹਨ। ਡਾ. ਰੂਪ ਸਿੰਘ ਵੱਲੋਂ ਤਿਆਰ ਕੀਤੀ ਗਈ ਖ਼ੂਬਸੂਰਤ ਦਿੱਖ ਅਤੇ ਵਿਚਾਰਾਂ-ਭਰਪੂਰ ਇਹ ਪੁਸਤਕ 'ਕਲਿ ਤਾਰਣਿ ਗੁਰੂ ਨਾਨਕ ਆਇਆ' ਇਸ ਦਿਸ਼ਾ ਵਿਚ ਉਨ੍ਹਾਂ ਵੱਲੋਂ ਕੀਤਾ ਗਿਆ ਅਹਿਮ ਉਪਰਾਲਾ ਹੈ।

ਕੇਵਲ 84 ਪੰਨਿਆਂ ਦੀ ਇਸ ਪੁਸਤਕ ਵਿਚ ਡਾ. ਰੂਪ ਸਿੰਘ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ, ਉਨ੍ਹਾਂ ਵੱਲੋਂ ਚੌਹਾਂ ਦਿਸ਼ਾਵਾਂ ਕੀਤੀਆਂ ਗਈਆਂ ਚਾਰ ਮਹਾਨ ਉਦਾਸੀਆਂ ਅਤੇ 19 ਰਾਗਾਂ ਵਿਚ ਰਚੀ ਗਈ ਬਾਣੀ ਜਿਸ ਵਿਚ ਜਪੁ ਜੀ ਸਾਹਿਬ, ਸੋਦਰ, ਗਗਨ ਮੈ ਥਾਲ, ਪਹਰੇ, ਪਟੀ, ਆਸਾ ਦੀ ਵਾਰ, ਥਿਤੀ, ਦਖਣੀ ਓਅੰਕਾਰ, ਸਿੱਧ ਗੋਸਟਿ, ਬਾਰਹਮਾਹਾ, ਆਦਿ ਸ਼ਾਮਲ ਹਨ, ਉੱਪਰ ਸੰਖੇਪ ਰੂਪ ਵਿਚ ਪੰਛੀ-ਝਾਤ ਪੁਆਈ ਹੈ। ਇਸ ਦੇ ਨਾਲ ਹੀ ਲੇਖਕ ਵੱਲੋਂ ਇਨ੍ਹਾਂ ਬਾਣੀਆਂ ਵਿੱਚੋਂ ਕੁਝ ਕੁ ਸ਼ਬਦਾਂ ਦੀਆਂ ਤੁਕਾਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗਾਂ ਦੇ ਹਵਾਲੇ ਦਿੱਤੇ ਗਏ ਹਨ ਅਤੇ ਭਾਈ ਗੁਰਦਾਸ ਜੀ ਦੀਆਂ ਕਈਆਂ ਵਾਰਾਂ ਦੀ ਜਾਣਕਾਰੀ ਸ਼ਾਮਲ ਕੀਤੀ ਗਈ ਹੈ।

ਪੁਸਤਕ ਦੇ ਪੰਨਾ 8 ਉੱਪਰ ਗੁਰੂ ਸਾਹਿਬ ਦੀਆਂ ਚਾਰ ਉਦਾਸੀਆਂ ਦੀ ਗੱਲ ਕਰਦਿਆਂ ਲੇਖਕ ਵੱਲੋਂ ਗੁਰੂ ਸਾਹਿਬ ਦੀ ਪਹਿਲੀ ਉਦਾਸੀ ਵਿਚ ਸੁਲਤਾਨਪੁਰ ਲੋਧੀ ਤੋਂ ਸ਼ੁਰੂ ਹੋ ਕੇ ਤਲਵੰਡੀ (ਸ਼ੇਖ਼ੂਪੁਰਾ), ਰੋੜੀ ਸਾਹਿਬ ਏਮਨਾਬਾਦ, ਲਾਹੌਰ, ਮੁਲਤਾਨ, ਮਲੇਰਕੋਟਲਾ, ਛੀਟਾਂ ਵਾਲਾ, ਨਾਨਕਿਆਣਾ (ਸੰਗਰੂਰ), ਸੁਨਾਮ, ਪਿਹੋਵਾ, ਕੁਰੂਕਸ਼ੇਤਰ, ਕਰਨਾਲ, ਪਾਣੀਪਤ, ਦਿੱਲੀ, ਮਥੁਰਾ, ਅਯੁੱਧਿਆ, ਨਾਨਕਮਤਾ, ਅਲਾਹਾਬਾਦ, ਬਨਾਰਸ, ਗਯਾ, ਪਟਨਾ, ਢਾਕਾ ਆਦਿ ਦਾ ਬਾਖ਼ੂਬੀ ਜ਼ਿਕਰ ਕੀਤਾ ਗਿਆ ਹੈ। ਏਸੇ ਤਰ੍ਹਾਂ ਗੁਰੂ ਜੀ ਦੀ ਦੱਖਣ ਵੱਲ ਦੀ ਦੂਸਰੀ ਉਦਾਸੀ ਸਿਰਸਾ, ਬੀਕਾਨੇਰ, ਜੈਪੁਰ, ਜੋਧਪੁਰ, ਜੈਸਲਮੇਰ, ਅਜਮੇਰ, ਆਬੂ, ਉਜੈਨ, ਇੰਦੌਰ, ਮਾਲ ਟੇਕਰੀ, ਬਿਦਰ, ਤ੍ਰਿਚਨਾਪਲੀ, ਪਾਂਡੀਚਰੀ, ਮਦਰਾਸ, ਸੰਗਲਾਦੀਪ (ਲੰਕਾ) ਆਦਿ ਦੀ ਹੈ, ਜਦਕਿ ਉੱਤਰਾਖੰਡ ਦੀ ਤੀਸਰੀ ਉਦਾਸੀ ਗੁਰਦਾਸਪੁਰ, ਕਲਾਨੌਰ, ਦਸੂਹਾ, ਪਾਲਮਪੁਰ, ਕਾਂਗੜਾ, ਜੁਆਲਾਮੁਖੀ, ਮੰਡੀ, ਰਵਾਲਸਰ, ਚੰਬਾ, ਕੁੱਲੂ, ਕਹਿਲੂਰ, ਕੀਰਤਪੁਰ, ਸ਼ਿਮਲਾ, ਮਨਸੂਰੀ, ਚਕਰੌਂਦਾ, ਜਮੁਨਾਤਰੀ, ਗੰਗੋਤਰੀ, ਗੋਮੁਖੀ, ਬਦਰੀਨਾਥ, ਸੁਮੇਰ ਪਰਬਤ ਆਦਿ ਥਾਵਾਂ ਦੀ ਹੈ। ਉਨ੍ਹਾਂ ਦੀ ਚੌਥੀ ਉਦਾਸੀ ਜੋ ਪੱਛਮ ਦੀ ਉਦਾਸੀ ਵਜੋਂ ਜਾਣੀ ਜਾਂਦੀ ਹੈ, ਮੁਸਲਿਮ ਤੀਰਥਾਂ ਨਾਲ ਸਬੰਧਿਤ ਹੈ ਜਿਨ੍ਹਾਂ ਵਿਚ ਉੱਚ, ਹੜੱਪਾ, ਦੇਹੁਰਾਜਾਤ, ਸਿੰਧ, ਬਲੋਚਿਸਤਾਨ, ਈਰਾਨ, ਤੁਰਕਿਸਤਾਨ, ਰੂਸ ਦੇ ਇਲਾਕੇ ਆਜ਼ਰਾਈਜਾਨ, ਉਜ਼ਬੇਕਿਸਤਾਨ, ਤਾਸ਼ਕੰਦ ਤੇ ਸਮਰਕੰਦ, ਹਿਰਾਤ, ਗ਼ਜ਼ਨੀ, ਕੰਧਾਰ, ਕਾਬਲ, ਜਲਾਲਾਬਾਦ, ਪਿਸ਼ਾਵਰ, ਬਗ਼ਦਾਦ, ਮੱਕਾ, ਮਦੀਨਾ ਆਦਿ ਸ਼ਾਮਲ ਹਨ।

ਇਸ ਤਰ੍ਹਾਂ ਇਸ ਪੁਸਤਕ ਦੇ ਪਹਿਲੇ ਭਾਗ ਦੇ 14 ਪੰਨਿਆਂ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ, ਉਨ੍ਹਾਂ ਰਚਿਤ ਬਾਣੀ ਅਤੇ ਚਾਰ ਉਦਾਸੀਆਂ ਦਾ ਖ਼ੂਬਸੂਰਤ ਵਰਨਣ ਕੀਤਾ ਗਿਆ ਹੈ ਅਤੇ ਇਸ ਤੋਂ ਅਗਲੇ ਦੂਸਰੇ ਭਾਗ ਵਿਚ ਗੁਰੂ ਸਾਹਿਬ ਦੇ ਨਾਲ ਜੁੜੇ ਹੋਏ ਗੁਰਦੁਆਰਾ ਸਾਹਿਬਾਨ ਦਾ ਵੇਰਵਾ ਰੰਗਦਾਰ ਤਸਵੀਰਾਂ ਸਮੇਤ ਦਿੱਤਾ ਗਿਆ ਹੈ। ਇਹ ਗੁਰਦੁਆਰਾ ਸਾਹਿਬਾਨ ਪੰਨਾ 16 ਤੋਂ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਤੋਂ ਸ਼ੁਰੂ ਹੁੰਦੇ ਹਨ ਅਤੇ ਅੱਗੇ ਗੁਰਦੁਆਰਾ ਬਾਲ ਲੀਲ੍ਹਾ ਸਾਹਿਬ, ਪੱਟੀ ਸਾਹਿਬ, ਮਾਲ ਜੀ ਸਾਹਿਬ, ਕਿਆਰਾ ਸਾਹਿਬ, ਤੰਬੂ ਸਾਹਿਬ (ਸਾਰੇ ਨਨਕਾਣਾ ਸਾਹਿਬ ਵਿਖੇ), ਗੁਰਦੁਆਰਾ ਰੋੜੀ ਸਾਹਿਬ (ਏਮਨਾਬਾਦ), ਗੁਰਦੁ-ਆਰਾ ਸੱਚਾ ਸੌਦਾ ਸਾਹਿਬ (ਚੂਹੜਕਾਣਾ), ਗੁਰਦੁਆਰਾ ਪੰਜਾ ਸਾਹਿਬ (ਹਸਨ ਅਬਦਾਲ), ਗੁਰਦੁਆਰਾ ਬਾਬੇ ਦੀ ਬੇਰ ਸਾਹਿਬ (ਸਿਆਲਕੋਟ), ਧਰਮਸ਼ਾਲਾ ਗੁਰੂ ਨਾਨਕ ਦੇਵ ਜੀ (ਲਾਹੌਰ), ਗੁਰਦੁਆਰਾ ਸ੍ਰੀ ਨਾਨਕ ਗੜ੍ਹ (ਲਾਹੌਰ), ਗੁਰਦੁਆਰਾ ਦਰਬਾਰ ਸਾਹਿਬ (ਕਰਤਾਰਪੁਰ), ਗੁਰ-ਦੁਆਰਾ ਸ੍ਰੀ ਬੇਰ ਸਾਹਿਬ (ਸੁਲਤਾਨਪੁਰ ਲੋਧੀ), ਗੁਰਦੁਆਰਾ ਸ੍ਰੀ ਕੰਧ ਸਾਹਿਬ ਤੇ ਗੁਰਦੁਆਰਾ ਅਚੱਲ ਸਾਹਿਬ (ਬਟਾਲਾ), ਸ੍ਰੀ ਦਰਬਾਰ ਸਾਹਿਬ (ਡੇਰਾ ਬਾਬਾ ਨਾਨਕ), ਗੁਰਦੁਆਰਾ ਨਾਨਕ-ਸਰ (ਤਖ਼ਤੂਪੁਰਾ), ਗੁਰਦੁਆਰਾ ਨਾਨਕਿਆਣਾ ਸਾਹਿਬ (ਸੰਗਰੂਰ), ਗੁਰਦੁਆਰ ਸਿੱਧ ਬਟੀ (ਕੁਰੂਕਸ਼ੇਤਰ), ਗੁਰਦੁਆਰਾ ਕਪਾਲ ਮੋਚਨ (ਯਮਨਾ ਨਗਰ), ਗੁਰਦੁ-ਆਰਾ ਨਾਨਕ ਪਿਆਓ ਤੇ ਗੁਰਦੁਆਰਾ ਮਜਨੂੰ ਟਿੱਲਾ (ਦਿੱਲੀ), ਗੁਰਦੁਆਰਾ ਨਾਨਕਮਤਾ (ਉੱਤਰਾਖ਼ਡ), ਗੁਰਦੁਆਰਾ ਦਾਤਣ ਸਾਹਿਬ (ਉੜੀਸਾ), ਗੁਰਦੁਆਰਾ ਨਾਨਕ ਝੀਰਾ (ਬਿਦਰ), ਗੁਰਦੁਆਰਾ ਬਾਉਲੀ ਸਾਹਿਬ ਜਗਨ ਨਾਥ ਪੁਰੀ (ਉੜੀਸਾ),ਗੁਰਦੁਆਰਾ ਨਾਨਕਸ਼ਾਹੀ (ਢਾਕਾ) ਤੇ ਗੁਰਦੁਆਰਾ ਸਿੱਖ ਅਸਟੇਟ ਚਿਟਾਗਾਓਂ (ਬੰਗਲਾ ਦੇਸ਼), ਗੁਰਦੁਆਰਾ ਨਾਨਕ ਮੱਠ (ਕਾਠਮੰਡੂ, ਨੇਪਾਲ), ਆਦਿ ਦੇ ਰੰਗਦਾਰ ਤਸਵੀਰਾਂ ਸਮੇਤ ਦਰਸ਼ਨ ਕਰਵਾਏ ਗਏ ਹਨ।

ਡਾ. ਰੂਪ ਸਿੰਘ ਦਾ ਇਹ ਉਪਰਾਲਾ ਅਤੀ ਸਲਾਹੁਣਯੋਗ ਹੈ ਜਿਸ ਦੇ ਲਈ ਉਨ੍ਹਾਂ ਦੇ ਧੰਨਵਾਦੀ ਸ਼ਬਦਾਂ ਵਿਚ ਉਨ੍ਹਾਂ ਨੂੰ ਲਾਹੌਰ ਤੋਂ ਫ਼ੋਟੋਗ੍ਰਾਫ਼ਰ ਮੁਹੰਮਦ ਜਾਵੇਦ ਵੱਲੋਂ ਪਾਕਿਸਤਾਨ ਤੇ ਹੋਰਨਾਂ ਸਥਾਨਾਂ ਸਥਿਤ ਗੁਰਦੁਆਰਾ ਸਾਹਿਬਾਨ ਦੀਆਂ ਸ਼ਾਨਦਾਰ ਤਸਵੀਰਾਂ ਪ੍ਰਾਪਤ ਹੋਈਆਂ ਹਨ ਅਤੇ ਅੰਮ੍ਰਿਤਸਰ ਤੋਂ ਪ੍ਰਕਾਸ਼ਕ 'ਸਿੰਘ ਬ੍ਰਦਰਜ', ਪ੍ਰਿੰਟਰ 'ਪ੍ਰਿੰਟਵੈੱਲ' ਤੇ ਪਰਿਵਾਰਕ ਮੈਂਬਰਾਂ ਕੋਲੋਂ ਭਰਪੂਰ ਮਿਲਵਰਤਣ ਮਿਲਿਆ ਹੈ। ਬਹੁਤ ਹੀ ਵਧੀਆ ਕਿਸਮ ਦੇ ਮੋਮੀ ਕਾਗਜ਼ ਉੱਪਰ ਗੁਰਦੁਆਰਾ ਸਾਹਿਬਾਨ ਦੀਆਂ ਰੰਗੀਨ ਤਸਵੀਰਾਂ ਸਮੇਤ ਉੱਪਰ ਛਪੀ ਇਹ ਪੁਸਤਕ ਗੁਰੂ ਨਾਨਕ ਦੇਵ ਜੀ ਬਾਰੇ ਅਤੇ ਇਨ੍ਹਾਂ ਗੁਰਦੁਆਰਿਆਂ ਬਾਰੇ ਜਿੱਥੇ ਸਾਨੂੰ ਵੱਡਮੁੱਲੀ ਜਾਣਕਾਰੀ ਦਿੰਦੀ ਹੈ, ਉੱਥੇ ਇਹ ਅੱਜਕੱਲ੍ਹ ਪ੍ਰਚੱਲਤ ਖ਼ੂਬਸੂਰਤ ਕੌਫ਼ੀ-ਟੇਬਲ ਬੁੱਕਸ ਵਾਂਗ ਘਰਾਂ ਦੀਆਂ ਲਾਇਬ੍ਰੇਰੀ ਦੀਆਂ ਸ਼ੈੱਲਫ਼ਾਂ ਵਿਚ ਵੀ ਸਾਂਭਣਯੋਗ ਹੈ ਅਤੇ ਅਗਲੀਆਂ ਪੀੜ੍ਹੀਆਂ ਨੂੰ ਵੀ ਇਹ ਜਾਣਕਾਰੀ ਅੱਗੇ ਪਹੁੰਚਾਉਣ ਵਾਲੀ ਹੈ। ਮੈਂ ਇਹ ਸ਼ਾਨਦਾਰ ਪੁਸਤਕ ਪੰਜਾਬੀ ਪਾਠਕਾਂ ਨੂੰ ਪੇਸ਼ ਕਰਨ ਲਈ ਆਪਣੇ ਵੱਲੋਂ ਡਾ. ਰੂਪ ਸਿੰਘ ਨੂੰ ਹਾਰਦਿਕ ਮੁਬਾਰਕਬਾਦ ਪੇਸ਼ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਉਹ ਅੱਗੇ ਵੀ ਅਜਿਹੀਆਂ ਵੱਡਮੁੱਲੀ ਜਾਣਕਾਰੀ ਭਰਪੂਰ ਪੁਸਤਕਾਂ ਪੰਜਾਬੀ-ਜਗਤ ਨੂੰ ਭੇਟ ਕਰਦੇ ਰਹਿਣਗੇ।

## ਵਿਅੰਗ

# ਇਥੇ ਗੋਡੇ, ਚੂਲੇ, ਸਟੈਂਟਸ, ਲੈੱਨਜ਼ ਮਿਲਦੇ ਹਨ

-ਨੂਰ ਸੰਤੋਖਪੁਰੀ-

ਸਿਹਤ ਵਿਗਿਆਨ ਵਿੱਚ ਹੋਈ ਚੋਖੀ ਤਰੱਕੀ ਕਾਰਨ ਤੇ ਨਵੀਆਂ ਨਵੀਆਂ ਜੀਵਨ-ਰੱਖਿਅਕ ਦਵਾਈਆਂ ਦੀ ਖੋਜ ਕਾਰਨ ਦੋ-ਪਾਏ ਪ੍ਰਾਣੀਆਂ ਦੀ ਔਸਤ ਉਮਰ ਵਿੱਚ ਬੇਸ਼ੱਕ ਵਾਧਾ ਹੋਇਆ ਹੈ, ਪਰ ਲੰਮੀ ਉਮਰ 'ਚ ਵਾਧਾ ਨਹੀਂ ਹੋਇਆ। ਅੱਜਕੱਲ੍ਹ ਦੇ ਬਹੁਤੇ ਦੋ-ਪਾਏ ਪ੍ਰਾਣੀ ਚਾਲੀ ਸਾਲ ਦੀ ਉਮਰ ਦੀ ਹੱਦ ਟੱਪਦਿਆਂ ਸਾਰ ਮਾੜਾ ਮੋਟਾ ਕੰਮ ਕਰਦਿਆਂ ਹਫਣ-ਹੌਂਕਣ ਲੱਗ ਪੈਂਦੇ ਹਨ ਅਤੇ ਚਾਲੀ ਕੁ ਕਦਮ ਪੈਦਲ ਟੁਰਨੇ ਵੀ ਉਨ੍ਹਾਂ ਲਈ ਮਾਊਂਟ ਐਵਰੈਸਟ ਦੀ ਟੀਸੀ 'ਤੇ ਚੜ੍ਹਨ ਵਾਂਗ ਮੁਸ਼ਕਲ ਹੋ ਜਾਂਦੇ ਹਨ। ਪੰਜਾਹ ਵਰ੍ਹਿਆਂ ਦੀ ਉਮਰ ਨੂੰ ਹੱਥ ਲਾਉਣ ਵਾਲੇ ਕਈ ਲੋਕ ਬੜੇ ਔਖੇ ਹੋ ਕੇ ਜ਼ਿੰਦਗੀ ਦੀ ਕੌੜ-ਕਬੱਡੀ ਖੇਡਦੇ ਹਨ। ਕਿਸੇ ਨਾਲ ਮਾੜੀ-ਮੋਟੀ ਲੜਾਈ ਜਾਂ ਬਹਿਸ ਕਰਨ ਲੱਗਿਆਂ ਉਨ੍ਹਾਂ ਨੂੰ ਗੱਡੇ ਅੱਗੇ ਜੁਪੇ ਝੋਟਿਆਂ ਨੂੰ ਚੜ੍ਹਦੇ ਸਾਹ ਵਾਂਗ ਸਾਹ ਚੜ੍ਹ ਜਾਂਦਾ ਹੈ। ਜੇ ਸੱਠ ਸਾਲ ਤੋਂ ਉਪਰ ਜਿਊਂਦਾ-ਜਾਗਦਾ ਠੀਕ-ਠਾਕ ਟੁਰਦਾ-ਫਿਰਦਾ ਕੋਈ ਮਨੁੱਖ ਨਜ਼ਰ ਆ ਜਾਵੇ ਤਾਂ ਸਮਝਣਾ ਚਾਹੀਦਾ ਹੈ ਕਿ ਉਸ ਦੀ ਮੁਕੱਰਰ ਉਮਰ ਦਾ ਕੋਟਾ ਖਤਮ ਹੋ ਚੁੱਕਾ ਹੈ ਅਤੇ ਉਹ ਬੋਨਸ 'ਤੇ ਮਿਲੇ ਵਾਧੂ ਸਾਲਾਂ ਦਾ ਲਾਭ ਉਠਾ ਰਿਹਾ ਹੈ। ਉਸ ਉੱਤੇ ਰਸ਼ਕ ਕਰਨਾ ਸਾਡਾ ਹੱਕ ਬਣਦਾ ਹੈ। ਕਈ ਸਰਕਾਰੀ ਨੌਕਰ, ਚਾਕਰ, ਅਫਸਰ ਵਗੈਰਾ ਰਿਟਾਇਰਮੈਂਟ ਦੀ ਨਿਰਧਾਰਤ ਅਠਵੰਜਾ ਸੱਠ ਸਾਲਾਂ ਦੀ ਉਮਰ ਤੋਂ ਪਹਿਲਾਂ ਹੀ ਪੱਕੇ ਤੌਰ 'ਤੇ ਸੇਵਾਮੁਕਤ ਹੋ ਜਾਂਦੇ ਹਨ ਅਤੇ ਰੱਬ ਦੇ ਦਫਤਰ ਵਿੱਚ ਜਾ ਕੇ ਆਪਣੀ ਹਾਜ਼ਰੀ ਲੁਆਉਂਦੇ ਨੇ।

ਅੱਜ ਕੱਲ੍ਹ ਸ਼ਾਇਦ ਹੀ ਕੋਈ ਦੋ-ਪਾਇਆ (ਟੋ-ਟੰਗਾ) ਪ੍ਰਾਣੀ ਹੋਵੇਗਾ, ਜਿਸ ਦੇ ਚਿਹਰੇ ਉਪਰ ਖਿੜੇ ਫੁੱਲਾਂ ਵਰਗਾ ਖੇੜਾ, ਹਾਸਾ ਨਜ਼ਰ ਆਉਂਦਾ ਹੋਵੇ। ਕੁਦਰਤੀ ਚਮਕ-ਦਮਕ-ਅਕਹਿ-ਅਕੱਥ ਖੁਸ਼ੀ ਨਜ਼ਰ ਆਉਂਦੀ ਹੋਵੇ। ਲੋਕਾਂ ਦੀ ਲੰਮੀ ਉਮਰ ਸੁਆਹ ਅਤੇ ਖੇਹ ਹੋਣੀ ਏਂ। ਕਈਆਂ ਦੇ ਭੱਖੜੇ ਵਰਗੇ ਮੁਖੜਿਆਂ 'ਤੇ ਖਿੱਝ ਤੇ ਕ੍ਰੋਧ ਦੇ ਉਗੇ ਹੋਏ ਕੰਡੇ ਵਿਖਾਈ ਦਿੰਦੇ ਹਨ। ਮਾਯੂਸੀ ਤੇ ਉਦਾਸੀ ਦੀਆਂ ਝਾੜੀਆਂ ਵਿਖਾਈ ਦਿੰਦੀਆਂ ਹਨ। ਉਹ ਹਾਲਾਤ ਅਤੇ ਜ਼ਿੰਦਗੀ ਹੱਥੋਂ ਇੰਨੇ ਵਾਧੂ (ਜ਼ਿਆਦਾ) ਸਤਾਏ ਹੋਏ, ਤੰਗ-ਪਰੇਸ਼ਾਨ ਕੀਤੇ ਤੇ ਥੱਕੇ-ਟੁੱਟੇ ਹਾਰੇ ਹੋਏ ਨਜ਼ਰ ਆਉਂਦੇ ਹਨ ਕਿ ਉਨ੍ਹਾਂ ਦੇ ਚਿਹਰਿਆਂ 'ਤੇ ਜਿਊਣ ਦਾ ਝੋਰਾ ਸਾਫ ਨਜ਼ਰ ਆਉਂਦਾ ਹੈ। ਜਿਊਂਦੇ ਚਲੇ ਜਾਣ ਦੀ ਮਜਬੂਰੀ ਤੇ ਨਾ-ਖੁਸ਼ੀ ਨਜ਼ਰ ਆਉਂਦੀ ਹੈ। ਸਾਲੀ (ਜਾਂ ਘਰ ਵਾਲੀ) ਐਨੀ ਜ਼ਿਆਦਾ ਨਿਰਾਸ਼ਾ ਮਾਯੂਸੀ ਵੀ ਕੀ ਹੋਈ? ਚੜ੍ਹਦੀ ਕਲਾ 'ਚ ਰਹਿਣ ਵਾਲਿਆਂ ਦੇ ਮੁਖੜਿਆਂ 'ਤੇ ਲਾਲੀ ਚੜ੍ਹੀ ਰਹਿੰਦੀ ਏ ਅਤੇ ਢਹਿੰਦੀ ਕਲਾਂ 'ਚ ਰਹਿਣ ਵਾਲਿਆਂ ਦੇ ਚਿਹਰਿਆਂ 'ਤੇ ਵੀਰਾਨੀ ਜਿਹੀ ਢਲੀ ਹੋਈ ਨਜ਼ਰ ਆਉਂਦੀ ਏ। ਇਹ ਬੰਦੇ ਅੰਤਾਂ ਦੇ ਅਸੰਤੁਸ਼ਟ ਤੇ ਨਾ-ਖੁਸ਼ ਹੁੰਦੇ ਨੇ।

ਅੱਜ ਕੱਲ੍ਹ ਕਈ ਵਿਅਕਤੀ ਤੁਰਦੇ-ਫਿਰਦੇ ਸਪੇਅਰ ਪਾਰਟਸ ਦੇ ਸਟੋਰਸ ਨਜ਼ਰ ਆਉਂਦੇ ਹਨ ਕਿਉਂਕਿ ਉਨ੍ਹਾਂ ਦੇ ਸਰੀਰਾਂ 'ਤੇ ਡਾਕਟਰਾਂ ਨੇ ਨਕਲੀ ਜਾਂ ਕਹਿ ਲਵੋ ਸਪੇਅਰ ਪੁਰਜ਼ੇ ਭਵ ਪਾਰਟਸ ਫਿੱਟ ਕੀਤੇ ਹੁੰਦੇ ਹਨ। ਉਨ੍ਹਾਂ ਦੇ ਕੁਦਰਤੀ ਕਲ ਪੁਰਜ਼ੇ ਰੋਗਾਂ ਜਾਂ ਹਾਦਸਿਆਂ ਨਾਲ ਕੰਡਮ (ਨਕਾਰਾ) ਹੋ ਚੁੱਕੇ ਹੁੰਦੇ ਨੇ। ਕੋਈ ਵਿਅਕਤੀ ਨਕਲੀ ਗੋਡੇ ਪੁਆਈ ਫਿਰਦਾ ਹੈ। ਲੱਤਾਂ-ਬਾਹਾਂ ਦਆਂ ਹੱਡੀਆਂ ਤੇ ਜੋੜ ਕਈ ਲੋਕ ਪੁਆਈ ਫਿਰਦੇ ਹਨ। ਸਪੇਅਰ ਨਾੜਾਂ ਪੁਆਈ ਫਿਰਦੇ ਹਨ। ਬੇਸ਼ੁਮਾਰ ਲੋਕਾਂ ਦੇ ਨਕਲੀ ਚੂਲੇ ਡਾਕਟਰਾਂ ਨੇ ਫਿੱਟ ਕੀਤੇ ਪਏ ਨੇ ਐਨ ਚੰਗੀ ਤਰ੍ਹਾਂ ਨਟ-ਬੋਲਟ ਕੱਸ ਕੇ। ਚਿੱਟੇ ਮੋਤੀਏ ਨਾਲ ਜਿਨ੍ਹਾਂ ਦੀਆਂ ਅੱਖਾਂ ਦੇ ਅਸਲੀ ਲੈਨਜ਼ ਖਰਾਬ ਹੋ ਚੁੱਕੇ ਹੁੰਦੇ ਹਨ, ਉਨ੍ਹਾਂ ਦੀਆਂ ਅੱਖਾਂ 'ਚ ਮਾਹਿਰ ਡਾਕਟਰਾਂ ਨੇ ਨਕਲੀ ਲੈਨਜ਼ ਪਾਏ ਹੋਏ ਹਨ। ਕਾਲੇ ਮੋਤੀਏ ਦਾ ਫੌਰਨ ਆਪਰੇਸ਼ਨ ਹੀ ਕਰਵਾਉਣਾ ਪੈਂਦਾ ਹੈ। ਧੰਨ ਹਨ ਉਹ ਦਾਨੀ ਜਿਨ੍ਹਾਂ ਵੱਲੋਂ ਦਾਨ ਕੀਤੀਆਂ ਅੱਖਾਂ ਖਰਾਬ ਹੋ ਚੁੱਕੀਆਂ ਪੁਤਲੀਆਂ ਵਾਲੇ ਨੇਤਰਹੀਣ ਲੋਕਾਂ ਨੂੰ ਨਜ਼ਰ ਦੀ ਰੋਸ਼ਨੀ ਬਖਸ਼ਦੀਆਂ ਹਨ। ਇਹੋ ਜਿਹੇ ਦਾਨੀ ਤਾਰੀਫ ਅਤੇ ਧੰਨਵਾਦ ਦੇ ਸਹੀ ਹੱਕਦਾਰ ਹੁੰਦੇ ਹਨ। ਦਿਲ ਦਾ ਮਾਮਲਾ ਓਨਾ ਗੰਭੀਰ ਨਹੀਂ ਰਿਹਾ, ਜਿੰਨਾ ਪਹਿਲਾਂ ਹੁੰਦਾ ਸੀ। ਅੱਜ ਕੱਲ੍ਹ ਦਿਲ ਨੂੰ ਲਗਾਤਾਰ ਧੜਕਦੇ-ਫੜਕਦੇ ਤੇ ਬਹਿਕਦੇ ਰੱਖਣ ਲਈ ਤੁਰੰਤ ਸਟੈਂਟਸ ਪਾ ਦਿੱਤੇ ਜਾਂਦੇ ਹਨ। ਦਿਲ ਤਾਂ ਆਖਰ ਦਿਲ ਹੈ। ਸਟੈਂਟਸ ਫਿੱਟ ਕੀਤੇ ਦਿਲ ਨਾਲ ਮਿਲ ਸਕਦਾ ਹੈ। ਟਾਂਕਾ ਮਿਲਾ ਸਕਦਾ ਹੈ। ਨਜ਼ਰ ਦੀਆਂ ਐਨਕਾਂ ਲੱਗੀਆਂ ਹੋਣ ਤਾਂ ਅੱਖਾਂ ਚਾਰ ਕਰਨ ਵਿੱਚ ਕੁਝ ਮੁਸ਼ਕਲ ਹੋ ਸਕਦੀ ਹੈ। ਨਕਲੀ ਲੈੱਨਜ਼ ਪੁਆਈਆਂ ਅੱਖਾਂ ਨਾਲ ਅੱਖਾਂ ਚਾਰ ਕਰਨ ਵਿੱਚ ਕੋਈ ਔਕੜ ਪੇਸ਼ ਨਹੀਂ ਆਉਂਦੀ। ਜੇ ਸਟੈਂਟਸ ਫਿੱਟਡ ਦਿਲ ਕਿਸੇ 'ਤੇ ਫਿਦਾ ਹੋ ਜਾਵੇ, ਕੁਰਬਾਨ ਹੋ ਜਾਵੇ ਤਾਂ ਫਿਰ ਕੀ ਹੋਇਆ? ਬੱਸ ਦਿਲ ਸਾਲਾ ਤੰਦਰੁਸਤ ਤੇ ਖੁਸ਼ ਰਹਿਣਾ ਚਾਹੀਦਾ ਹੈ।

ਹੋਰ ਇਸ ਜ਼ਾਲਮ ਜ਼ਮਾਨੇ 'ਚ ਰੱਖਿਆ ਕੀ ਐ? ਨਫਰਤ ਹੀ ਨਫਰਤ, ਈਰਖਾ ਹੀ ਈਰਖਾ। ਇਸ ਤਕਨੀਕੀ ਤੇ ਵਿਕਸ ਯੁੱਗ 'ਚ ਸਕੂਟਰ, ਕਾਰ, ਆਟੋ, ਬਸ, ਟਰੱਕ, ਟਰੈਕਟਰ ਆਦਿ ਵਗੈਰਾ ਦੀ ਰਿਪੇਅਰ ਕਰਨ ਵਾਲੇ ਮਕੈਨਿਕ ਆਪੋ ਆਪਣੀ ਵਰਕਸ਼ਾਪ ਅੰਦਰ ਓਨੇ ਰੁੱਝੇ ਹੋਏ ਨਜ਼ਰ ਨਹੀਂ ਆਉਂਦੇ ਜਿੰਨੇ ਵੱਖ-ਵੱਖ ਤਰ੍ਹਾਂ ਦੇ ਸਪੇਅਰ ਪਾਰਟਸ ਮਰੀਜ਼ਾਂ ਦੇ ਸਰੀਰਾਂ 'ਚ ਫਿੱਟ ਕਰਨ ਵਾਲੇ ਮਾਹਰ ਡਾਕਟਰ ਆਪੋ ਆਪਣੇ ਮਲਟੀ ਜਾਂ ਸੁਪਰ ਸਪੈਸ਼ਲਿਟੀ ਹਸਪਤਾਲਾਂ ਅੰਦਰ ਰੁੱਝੇ ਹੁੰਦੇ ਹਨ। ਉਥੇ ਲਾਈਨਾਂ ਲੱਗੀਆਂ ਹੁੰਦੀਆਂ ਹਨ। ਛੇਤੀ ਵਾਰੀ ਨਹੀਂ ਆਉਂਦੀ। ਇਹ ਧਨ ਦਾ ਚਮਤਕਾਰ ਹੈ ਤੇ ਗਰੀਬ ਵਿਚਾਰੇ ਤਾਂ ਗਰੀਬੀ, ਮਹਿੰਗਾਈ, ਫਟੇਹਾਲੀ, ਮੰਦਹਾਲੀ ਅਤੇ ਰੋਗਾਂ ਨਾਲ ਲੜਦੇ-ਘੁਲਦੇ-ਮਰ-ਖਪ ਜਾਂਦੇ ਹਨ। ਜ਼ਿੰਦਗੀ ਦੀ ਬਾਜ਼ੀ ਹਾਰ ਕੇ ਚਿੱਤ ਹੋ ਜਾਂਦੇ ਹਨ। ਉਹ ਕਿਸੇ ਗਿਣਤੀ ਵਿੱਚ ਨਹੀਂ ਹਨ। ਉਹ ਦਿਨ ਦੂਰ ਨਹੀਂ ਜਦੋਂ ਮੋਟਰ ਗੱਡੀਆਂ, ਲਾਰੀਆਂ ਵਗੈਰਾ ਦੇ ਸਪੇਅਰ ਪਾਰਟਸ ਵੇਚਣ ਵਾਲੀਆਂ ਦੁਕਾਨਾਂ ਵਾਂਗ ਥਾਂ-ਥਾਂ ਮਨੁੱਖੀ ਸਰੀਰਾਂ ਦੇ ਸਪੇਅਰ ਪਾਰਟਸ ਵੇਚਣ ਵਾਲੀਆਂ ਕੰਪਨੀਆਂ ਅਤੇ ਦੁਕਾਨਾਂ ਖੁੱਲ੍ਹ ਜਾਣਗੀਆਂ ਤੇ ਇਨ੍ਹਾਂ ਦਾ ਹਰ ਕਾਰੋਬਾਰੀ ਤੇ ਵਪਾਰੀ ਆਪੋ ਆਪਣੇ ਸਾਈਨ ਬੋਰਡ 'ਤੇ ਲਿਖਵਾਇਆ ਕਰੇਗਾ, 'ਇਥੇ ਨੈਸ਼ਨਲ ਤੇ ਇੰਟਰਨਸ਼ਨਲ ਮਾਰਕੀਟ ਨਾਲੋਂ ਸਸਤੇ ਮੁੱਲ 'ਤੇ ਮਨੁੱਖੀ ਸਰੀਰ ਦੇ ਹਰ ਤਰ੍ਹਾਂ ਦੇ ਸਪੇਅਰ ਪਾਰਟਸ ਮਿਲਦੇ ਹਨ।' ਈ-ਕਾਮਰਸ ਭਾਵ ਈ-ਟ੍ਰੇਡਸ ਦਾ ਸਹਾਰਾ ਵੀ ਲਿਆ ਜਾ ਸਕਦਾ ਹੈ। ਪੁਰਾਣੇ ਪੈਦਲ ਤੇ ਢਿਚਕੂੰ-ਢਿਚਕੂੰ, ਚੀਕੂੰ-ਚੀਕੂੰ ਯੁੱਗ ਅੰਦਰ ਭਾਵੇਂ ਮਨੁੱਖ ਦੀ ਔਸਤ ਉਮਰ ਘੱਟ ਹੁੰਦੀ ਸੀ ਪਰ ਜਿਨ੍ਹਾਂ ਚੀੜ੍ਹੇ, ਐਨ ਠਕਾਠਕ, ਗੜ੍ਹਕਦਾਰ ਲੋਕਾਂ ਦੀ ਉਮਰ ਹੁੰਦੀ ਸੀ, ਉਨ੍ਹਾਂ ਦੀ ਉਮਰ ਕਾਫੀ ਲੰਮੀ ਹੁੰਦੀ ਸੀ। ਉਹ ਛੇਤੀ-ਛੇਤੀ ਮਰਦ ਨਹੀਂ ਸਨ ਤੇ ਛੇਤੀ ਛੇਤੀ ਪਲੰਗ, ਮੰਜੇ ਖਾਲੀ ਕਰਦੇ ਨਹੀਂ ਸਨ। ਸ਼ੁੱਧ ਖੁਰਾਕਾਂ ਖਾਣ ਵਾਲੇ, ਸਾਫ ਅਤੇ ਸਵੱਛ ਪਾਣੀ, ਅੰਮ੍ਰਿਤ ਵਰਗਾ ਪਾਣੀ ਪੀਣ ਵਾਲੇ, ਸਾਫ-ਸੁਥਰੀ ਹਵਾ 'ਚ ਸਾਹ ਲੈਣ ਵਾਲੇ, ਖੁੱਲ੍ਹੇ-ਡੁੱਲੇ ਮਾਹੌਲ ਵਿੱਚ ਰਹਿਣ ਵਾਲੇ, ਖੁੱਲ੍ਹੇ ਡੁੱਲੇ ਲਿਬਾਸ ਪਹਿਨਣ ਵਾਲੇ, ਨਫਰਤ, ਈਰਖਾ, ਹਸਦ (ਸਾੜਾ), ਵੈਰ-ਵਿਰੋਧ ਤੋਂ ਦੂਰ ਰਹਿਣ ਵਾਲੇ ਉਹ ਲੋਕ ਸਰੀਰਕ ਤੌਰ 'ਤੇ ਤਾਂ ਤੰਦਰੁਸਤ ਹੁੰਦੇ ਹੀ ਸਨ, ਮਾਨਸਿਕ ਤੇ ਆਤਮਿਕ ਤੌਰ 'ਤੇ ਵੀ ਕਾਫੀ ਤੰਦਰੁਸਤ ਅਤੇ ਬਲਵਾਨ ਹੁੰਦੇ ਸਨ।

ਸੰਘੀ ਚੋਣ / ਸੋਮਵਾਰ, 21 ਅਕਤੂਬਰ

#ItsOurVote



It's Our Vote

ਚੋਣਾਂ ਦਾ ਦਿਨ 21 ਅਕਤੂਬਰ ਹੈ

ਤੁਹਾਡਾ ਵੋਟਰ ਜਾਣਕਾਰੀ ਕਾਰਡ ਤੁਹਾਨੂੰ ਦੱਸਦਾ ਹੈ ਕਿ ਤੁਸੀਂ ਕਦੋਂ ਅਤੇ ਕਿੱਥੇ ਵੋਟ ਪਾ ਸਕਦੇ ਹੋ ਅਤੇ ਕਹਿੜਾ ਸ਼ਨਾਖਤੀ ਕਾਰਡ ਨਾਲ ਲੈਕੇ ਆਉਣਾ ਹੈ।

ਕੀ ਤੁਸੀਂ ਚੋਣਾਂ ਵਾਲੇ ਦਿਨ ਵੋਟ ਨਹੀਂ ਪਾ ਸਕਦੇ? ਤੁਸੀਂ ਸਮੇਂ ਤੋਂ ਪਹਿਲਾਂ ਵੋਟ ਪਾ ਸਕਦੇ ਹੋ:

- 11 ਤੋਂ 14 ਅਕਤੂਬਰ ਤੱਕ ਤੁਹਾਡੇ ਲਈ ਤੈਅ ਕੀਤੇ ਗਏ 'ਅਡਵਾਂਸ ਪੋਲਿੰਗ ਸਟੇਸ਼ਨ' ਵਿਖੇ
- 15 ਅਕਤੂਬਰ, ਸ਼ਾਮ 6:00 ਵਜੇ ਤੋਂ ਪਹਿਲਾਂ ਕਿਸੇ ਵੀ ਇਲੈਕਸ਼ਨਜ਼ ਕੈਨੇਡਾ ਦਫਤਰ ਵਿਖੇ
- ਡਾਕ ਰਾਹੀਂ - 15 ਅਕਤੂਬਰ, ਸ਼ਾਮ 6:00 ਵਜੇ ਤੱਕ ਬਿਨੈ-ਪੱਤਰ ਦਿਓ

ਵੋਟ ਪਾਉਣ ਲਈ ਲੋੜੀਂਦੀ ਅਧਿਕਾਰਿਤ ਜਾਣਕਾਰੀ ਵਾਸਤੇ elections.ca ਦੇਖੋ

1-800-463-6868 / elections.ca / TTY 1-800-361-8935

Elections Canada

# ਕਿਉਂ ਵਿਗੜੇ ਪੰਜਾਬ ਦੇ ਮਾਲੀ ਹਾਲਾਤ

-ਸ਼ੰਗਾਰਾ ਸਿੰਘ ਭੁੱਲਰ-

ਆਜ਼ਾਦੀ ਤੋਂ ਲੈ ਕੇ 80ਵਿਆਂ ਤੱਕ ਪੰਜਾਬ ਖਾਂਦਾ-ਪੀਂਦਾ ਸੂਬਾ ਰਿਹਾ। ਇਹ ਦੇਸ਼ ਦੀ ਖੜਗ ਭੁਜਾ ਵੀ ਰਿਹਾ ਅਤੇ ਸਭ ਤੋਂ ਵੱਧ ਅਨਾਜ ਪੈਦਾ ਕਰਨ ਵਾਲਾ ਵੀ। ਲਗਭਗ ਸਾਢੇ ਤਿੰਨ ਦਹਾਕਿਆਂ ਦੇ ਸਮੇਂ ਵਿੱਚੋਂ ਇਥੇ ਬਹੁਤਾ ਸਮਾਂ ਕਾਂਗਰਸ ਨੇ ਹਕੂਮਤ ਕੀਤੀ, ਸਿਰਫ ਕੁਝ ਸਾਲ ਗੈਰ ਕਾਂਗਰਸੀ ਸਰਕਾਰਾਂ ਰਹੀਆਂ। ਬੜਾ ਸਮਾਂ ਇਹ ਗਵਰਨਰੀ ਰਾਜ ਦੇ ਜੂਲੇ ਹੇਠ ਵੀ ਰਿਹਾ। ਪੰਜਾਬ ਦੇ ਖੁਸ਼ਹਾਲ ਹੋਣ ਦਾ ਵੱਡਾ ਕਾਰਨ ਪੰਜਾਬੀਆਂ ਦੀ ਹਰ ਪੱਖੋਂ ਸਖਤ ਮਿਹਨਤ ਸੀ। ਦੂਸਰਾ ਲਗਭਗ ਜਿਹੜੀ ਪਾਰਟੀ ਦੀ ਸਰਕਾਰ ਕੇਂਦਰ ਵਿੱਚ ਹੁੰਦੀ, ਉਸੇ ਦੀ ਹੀ ਪੰਜਾਬ ਵਿੱਚ।

ਪਹਿਲੀ ਗੱਲ ਤਾਂ ਜਿਉਂ ਹੀ ਇਹ ਤਨਾਸਬ ਵਿਗੜਿਆ ਤਾਂ ਇਸ ਦੇ ਆਰਥਿਕ ਹਾਲਾਤ ਨੇ ਵੀ ਪਲਟਾ ਮਾਰਨਾ ਸ਼ੁਰੂ ਕਰ ਲਿਆ। ਫਿਰ ਪੰਜਾਬ ਅਤੇ ਪੰਜਾਬੀਆਂ ਦੇ ਚਿੱਤ-ਚੇਤੇ ਵੀ ਨਹੀਂ ਸੀ, ਜਦੋਂ ਕਾਲੇ ਦਿਨਾਂ ਦੇ ਦੌਰ ਨੇ ਇਸ ਨੂੰ ਦਬੱਲ ਲਿਆ। ਕੇਂਦਰ ਨੇ ਇਸ ਮੰਤਵ ਲਈ ਵੱਡੇ ਪੱਧਰ 'ਤੇ ਸੁਰੱਖਿਆ ਬਲ ਪੰਜਾਬ ਭੇਜ ਦਿੱਤੇ, ਜਿਨ੍ਹਾਂ ਦਾ ਵੀਹਵੀਂ ਸਦੀ ਦੇ ਆਖਰੀ ਸਮੇਂ ਤੱਕ ਦਬਦਬਾ ਰਿਹਾ। ਲੜਾਈ ਭਾਵੇਂ ਦੇਸ਼ ਦੀ ਕੌਮੀ ਏਕਤਾ ਤੇ ਅਖੰਡਤਾ ਦੀ ਸੀ, ਪਰ ਕੇਂਦਰ ਨੇ ਇਸ ਦਾ ਸਾਰਾ ਖਰਚਾ ਪੰਜਾਬ ਸਿਰ ਪਾ ਦਿੱਤਾ। ਪੰਜਾਬ ਦੀਆਂ ਸਿਆਸੀ ਧਿਰਾਂ ਖਾਸ ਕਰ ਕੇ ਕਾਂਗਰਸ ਅਤੇ ਅਕਾਲੀ ਦਲ ਦੋਵੇਂ ਰਲ ਕੇ ਪੰਜਾਬ ਦੇ ਹਿੱਤਾਂ ਖਾਤਰ ਕੇਂਦਰ 'ਤੇ ਇਹ ਖਰਚਾ ਰੋਕਣ ਲਈ ਦਬਾਅ ਹੀ ਨਾ ਪਾ ਸਕੀਆਂ। ਇਸ ਲਈ ਪੰਜਾਬ ਦੇ ਵਿਗੜੇ ਹਾਲਾਤ ਦਾ ਇਹ ਮੁੱਢਲਾ ਦੌਰ ਕਿਹਾ ਜਾ ਸਕਦਾ ਹੈ। ਅਫਸੋਸ ਹੈ ਕਿ ਅੱਜ ਵੀ ਪੰਜਾਬ ਦੀਆਂ ਸਭ ਸਿਆਸੀ ਧਿਰਾਂ ਇਸ ਦੇ ਕਿਸੇ ਖਾਸ ਮੁੱਦੇ 'ਤੇ ਕਦੇ ਇਕੱਠੀਆਂ ਨਹੀਂ ਹੋਈਆਂ, ਬੱਸ ਅੱਡ ਮੂਲੀਆਂ ਅਤੇ ਪੱਤਿਆਂ ਵਾਲੀ ਗੱਲ ਹੈ।

ਇਸ ਕਾਲੇ ਦਿਨਾਂ ਦੇ ਦੌਰ ਨੇ ਪੰਜਾਬ ਸਿਰ ਕਰਜ਼ਾ ਚੜ੍ਹਾਉਣਾ ਸ਼ੁਰੂ ਕੀਤਾ ਸੀ। ਕਹਿੰਦੇ ਹਨ ਕਿ ਕਰਜ਼ਾ ਇੱਕ ਵਾਰ ਲੈਣ ਵਿੱਚ ਕੁਝ ਹਿਚਕਚਾਹਟ ਹੁੰਦੀ ਹੈ। ਫਿਰ ਆਦਤ ਹੋ ਜਾਂਦੀ ਹੈ। ਕੇਂਦਰ ਦਾ ਇਹ ਕਰਜ਼ਾ ਤਾਂ ਸਿਰ ਚੜ੍ਹਿਆ ਹੀ, ਉਸ ਪਿੱਛੋਂ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਕਰਜ਼ਾ ਲੈਣ ਦੀ ਆਦਤ ਜਿਹੀ ਬਣਾ ਲਈ। ਮੰਨਿਆ ਜਾਵੇ ਤਾਂ ਇਸ ਵਿੱਚ ਸਭ ਤੋਂ ਵੱਧ ਖੁੱਲ੍ਹ ਪ੍ਰਕਾਸ਼ ਸਿੰਘ ਬਾਦਲ ਅਤੇ ਫਿਰ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਦਿੱਤੀ। ਇਸ ਦਾ ਨਤੀਜਾ ਇਹ ਹੈ ਕਿ ਪੰਜਾਬ ਸਿਰ ਦੋ ਲੱਖ 60 ਹਜ਼ਾਰ ਕਰੋੜ ਦਾ ਕਰਜ਼ਾ ਹੋ ਗਿਆ ਅਤੇ ਰੁਕ ਵੀ ਨਹੀਂ ਰਿਹਾ। ਕੈਪਟਨ ਦੀ ਮੌਜੂਦਾ ਸਰਕਾਰ ਦੀ ਮਾਲੀ ਹਾਲਤ ਸ਼ੁਰੂ ਤੋਂ ਤਰਸਯੋਗ ਹੈ ਅਤੇ ਅਜੇ ਵੀ ਹੈ। ਹਾਲਤ ਇਥੋਂ ਤੱਕ ਪਹੁੰਚ ਗਏ ਕਿ ਮੁਲਾਜ਼ਮਾਂ ਨੂੰ ਤਨਖਾਹਾਂ ਦੇਣੀਆਂ ਔਖੀਆਂ ਹੋ ਗਈਆਂ ਹਨ। ਪ੍ਰਕਾਸ਼ ਸਿੰਘ ਬਾਦਲ ਪੰਜਾਬ ਦਾ ਪੰਜ ਵਾਰੀ ਮੁੱਖ ਮੰਤਰੀ ਰਿਹਾ ਹੈ। ਉਸ ਨੇ ਆਪਣਾ ਵੋਟ ਬੈਂਕ ਕਾਇਮ ਰੱਖਣ ਲਈ ਲੋਕਾਂ 'ਤੇ ਟੈਕਸ ਤਾਂ ਲਾਏ ਨਹੀਂ, ਸਗੋਂ ਕੇਂਦਰ ਕੋਲੋਂ ਕਰਜ਼ਾ ਲੈ-ਲੈ ਕੇ ਸਬਸਿਡੀਆਂ ਦੇ ਮੂੰਹ ਖੋਲ੍ਹ ਦਿੱਤੇ। ਇਸ ਸੂਰਤ ਵਿੱਚ ਖਜ਼ਾਨੇ ਦੀ ਹਾਲਤ ਤਾਂ ਨਿਘਰਨੀ ਹੀ ਸੀ।

ਇਹੋ ਵਜ੍ਹਾ ਹੈ ਕਿ 2017 ਵਿੱਚ ਜਦੋਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਾਂ ਦੂਜੀ ਸਰਕਾਰ ਬਣੀ ਤਾਂ ਇਸ ਦਾ ਪਹਿਲਾ ਵਾਕ ਸੀ ਕਿ ਇਸ ਨੂੰ ਖਜ਼ਾਨਾ ਖਾਲੀ ਮਿਲਿਆ ਹੈ। ਇਸ ਨੇ ਸ਼ੁਰੂ ਵਿੱਚ ਸਰਫਾ ਕਰ ਕੇ ਖਜ਼ਾਨਾ ਭਰਨ ਦਾ ਵਾਅਦਾ ਵੀ ਕੀਤਾ, ਪਰ ਸਿਆਸੀ ਵਾਅਦਿਆਂ ਦਾ ਕੀ ਹੈ? ਜੇ ਪੂਰੇ ਹੋ ਗਏ ਤਾਂ ਹੋ ਜਾਣ, ਜੇ ਨਾ ਹੋਣ ਤਾਂ ਅਗਲਾ ਕੀ ਕਰ ਲਊਗਾ? ਕੈਪਟਨ ਅਮਰਿੰਦਰ ਸਿੰਘ ਦਾ ਇਹੋ ਜਿਹੇ ਵਾਅਦਿਆਂ ਦਾ ਕੋਈ ਸੁਭਾਅ ਨਹੀਂ ਸੀ, ਪਰ ਐਤਕੀਂ ਉਨ੍ਹਾਂ ਨੇ ਸੱਤਾ ਹੰਢਾਉਣ ਖਾਤਰ ਜਨਤਾ ਨਾਲ ਸਭ ਛੋਟੇ-ਵੱਡੇ ਦਾਅਵੇ-ਵਾਅਦੇ ਕਰ ਕੇ ਫਿਰ ਨੀਤੀਆਂ ਅਜਿਹੀਆਂ ਅਪਣਾ ਲਈਆਂ ਕਿ ਸਰਫਾ ਹੋਣ ਦੀ ਥਾਂ ਖਰਚੇ ਵਧਣ ਲੱਗੇ। ਖਜ਼ਾਨਾ ਭਰਨ ਦੀ ਥਾਂ ਹੋਰ ਖਾਲੀ ਹੋਣ ਲੱਗਾ। ਕੈਪਟਨ ਨੇ ਵੀ ਬਾਦਲਾਂ ਵਾਂਗ ਸਭ ਤਰ੍ਹਾਂ ਦੀਆਂ ਸਬਸਿਡੀਆਂ ਜਿਉਂ ਦੀਆਂ ਤਿਉਂ ਜਾਰੀ ਰੱਖੀਆਂ। ਦੂਜਾ, ਆਪਣੇ ਸਕੱਤਰੇਤ ਵਿੱਚ ਸਾਬਕਾ ਅਫਸਰਾਂ ਦੀ ਇੱਕ ਵੱਡੀ ਟੀਮ ਲਾ ਲਈ, ਜਿਸ ਨੇ ਖਜ਼ਾਨੇ 'ਤੇ ਹੋਰ ਬੋਝ ਪਾ ਦਿੱਤਾ। ਬਾਦਲ ਸਰਕਾਰ ਵੇਲੇ ਘੱਟੋ-ਘੱਟ ਸੂਬੇ ਦੇ ਅਫਸਰ ਹੀ ਇਹ ਜ਼ਿੰਮੇਵਾਰੀਆਂ ਨਿਭਾਉਂਦੇ ਸਨ। ਅੱਜ ਮੁੱਖ ਮੰਤਰੀ ਦਫਤਰ ਦੀ ਰੀੜ੍ਹ ਦੀ ਹੱਡੀ ਪ੍ਰਿੰਸੀਪਲ ਸਕੱਤਰ ਅਤੇ ਕੁੱਲ ਅਫਸਰਸ਼ਾਹੀ ਦਾ ਬੌਸ ਮੁੱਖ ਸਕੱਤਰ ਕਿਤੇ ਰੜਕਦੇ ਹੀ ਨਹੀਂ। ਇਨ੍ਹਾਂ ਦੋਵਾਂ ਦੀ ਥਾਂ ਇੱਕ ਸਾਬਕਾ ਅਫਸਰਸ਼ਾਹ ਹੀ ਸਭ ਜ਼ਿੰਮੇਵਾਰੀਆਂ ਨਿਪਟਾ ਰਹੇ ਹਨ। ਉਨ੍ਹਾਂ ਦੀ ਮਰਜ਼ੀ ਤੋਂ ਬਿਨਾਂ ਪੂਰੇ ਪ੍ਰਸ਼ਾਸਨ ਵਿੱਚ ਪੱਤਾ ਨਹੀਂ ਹਿੱਲ ਸਕਦਾ।

ਕੁੱਲ ਮਿਲਾ ਕੇ ਬਾਦਲ ਅਤੇ ਕੈਪਟਨ ਦੋਵੇਂ ਪੰਜਾਬ ਨੂੰ ਕਰਜ਼ੇ ਵਿੱਚ ਡੋਬਣ ਲਈ ਜ਼ਿੰਮੇਵਾਰ ਹਨ। ਤਕੜੇ ਤੇ ਖਾਂਦੇ-ਪੀਂਦੇ ਲੋਕ ਸਬਸਿਡੀਆਂ ਲੈਂਦੇ ਹਨ, ਜਿਹੜੇ ਇਨ੍ਹਾਂ ਦੇ ਹੱਕਦਾਰ ਹਨ, ਉਨ੍ਹਾਂ ਨੂੰ ਮਿਲਦੀਆਂ ਨਹੀਂ। ਪੰਜਾਬ ਅੱਜ ਨਸ਼ਿਆਂ, ਬੇਰੋਜ਼ਗਾਰੀ, ਕਿਸਾਨੀ ਖੁਦਕੁਸ਼ੀਆਂ, ਮੁਲਾਜ਼ਮਾਂ ਦੀਆਂ ਮੰਗਾਂ, ਦਫਤਰੀ ਖੱਜਲ-ਖੁਆਰੀ ਅਤੇ ਭ੍ਰਿਸ਼ਟਾਚਾਰ ਦੀ ਮਾਰ ਝੱਲ ਰਿਹਾ ਹੈ। ਰੇਤ, ਕੇਬਲ ਅਤੇ ਟਰਾਂਸਪੋਰਟ ਮਾਫੀਆ ਪੰਜਾਬ ਦੀ ਆਰਥਿਕਤਾ ਨੂੰ ਚੱਟ ਰਿਹਾ ਹੈ। ਕੈਪਟਨ ਅਤੇ ਇਸ ਦੇ ਮੰਤਰੀਆਂ, ਵਿਧਾਇਕਾਂ ਅਤੇ ਐੱਮ ਪੀਜ਼ ਦੀਆਂ ਮੌਜਾਂ ਹਨ। ਕਿਸੇ ਮੁਲਾਜ਼ਮ ਨੂੰ ਤਨਖਾਹ ਮਿਲੇ ਜਾਂ ਨਾ ਮਿਲੇ, ਟੀ ਏ ਮਿਲੇ ਜਾਂ ਨਾ, ਮੰਤਰੀਆਂ ਦਾ ਆਮਦਨ ਟੈਕਸ ਵੀ ਸਰਕਾਰੀ ਖਜ਼ਾਨੇ ਵਿੱਚੋਂ ਜਮ੍ਹਾ ਹੋਵੇਗਾ? ਇਸ ਤਰ੍ਹਾਂ ਖਜ਼ਾਨਾ ਭਰਨੋਂ ਤਾਂ ਰਿਹਾ, ਖਾਲੀ ਹੋਵੇਗਾ, ਜਿਹੜੇ ਪੰਜਾਬੀ ਸੱਚੀਮੁੱਚੀ ਖਾਂਦੇ-ਪੀਂਦੇ ਸਨ, ਉਹ ਸਹੀ ਅਰਥਾਂ ਵਿੱਚ ਬਲਦੀ ਦੇ ਬੁੱਥੇ ਆਏ ਹੋਏ ਹਨ।

ਸਮੇਂ ਦੀਆਂ ਸਰਕਾਰਾਂ, ਖਾਸ ਕਰ ਕੇ ਬਾਦਲਾਂ ਅਤੇ ਕੈਪਟਨ ਦੀਆਂ ਸਰਕਾਰਾਂ ਨੇ ਜਨਤਾ ਦੇ ਹਿੱਤਾਂ ਦੀ ਕਦੇ ਵੀ ਚਿੰਤਾ ਨਹੀਂ ਕੀਤੀ। ਹਾਂ, ਹੇਜ ਜ਼ਰੂਰ ਜਤਾਇਆ ਹੈ। ਚਲੋ ਸੱਤਾ ਦਾ ਨਸ਼ਾ ਹੁੰਦਾ ਹੈ, ਜ਼ਰੂਰ ਮਾਣੇ, ਪਰ ਲੋਕ-ਹਿੱਤਾਂ ਦਾ ਵੀ ਖਿਆਲ ਰੱਖਿਆ ਜਾਵੇ। ਫਿਰ ਚੋਣ ਮੈਨੀਫੈਸਟੋ ਭੁੱਲ ਜਾਂਦੇ ਹਨ। ਇਸੇ ਲਈ ਪਿਛਲੇ ਕੁਝ ਅਰਸੇ ਤੋਂ ਇਹ ਮੰਗ ਵੀ ਉਠਣ ਲੱਗੀ ਹੈ ਕਿ ਹਰ ਪਾਰਟੀ ਦੇ ਚੋਣ ਮੈਨੀਫੈਸਟੋ ਨੂੰ ਕਾਨੂੰਨੀ ਮਾਨਤਾ ਦਿੱਤੀ ਜਾਵੇ। ਉਸ ਪਾਰਟੀ ਦੀ ਸਰਕਾਰ ਬਣਨ 'ਤੇ ਜੇ ਉਹ ਚੋਣ ਮੈਨੀਫੈਸਟੋ ਦੀਆਂ ਮੱਦਾਂ ਨੂੰ ਠੀਕ ਢੰਗ ਨਾਲ ਲਾਗੂ ਨਹੀਂ ਕਰਦੀ ਤਾਂ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇ। ਹਾਲੇ ਤੱਕ ਇਹ ਮੰਗ ਕਾਗਜ਼-ਪੱਤਰਾਂ 'ਤੇ ਫਸੀ ਹੋਈ ਹੈ। ਚੋਣ ਕਮਿਸ਼ਨ ਨੂੰ ਹੀ ਇਸ ਪਾਸੇ ਧਿਆਨ ਦੇਣਾ ਪਵੇਗਾ। ਸਿਆਸੀ ਪਾਰਟੀਆਂ ਇਹ ਸ਼ਾਇਦ ਅਮਲ ਵਿੱਚ ਨਾ ਆਉਣ ਦੇਣ। ਬਾਦਲ ਸਰਕਾਰਾਂ ਵੀ ਇੰਝ ਕਰਦੀਆਂ ਰਹੀਆਂ ਅਤੇ ਕੈਪਟਨ ਸਰਕਾਰ ਨੇ ਗੱਲ ਹੀ ਸਿਰੇ ਲਾ ਦਿੱਤੀ ਹੈ। ਖਜ਼ਾਨੇ ਦੀ ਹਾਲਤ ਪਹਿਲਾਂ ਮਾੜੀ ਸੀ, ਰਹਿੰਦੀ ਕਸਰ ਕਿਸਾਨਾਂ ਦਾ ਕਰਜ਼ਾ ਮੁਆਫ ਕਰ ਕੇ ਕੱਢ ਦਿੱਤੀ। ਸੱਚ ਇਹ ਹੈ ਕਿ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਦੀ ਲੋੜ ਨਹੀਂ। ਸਬਸਿਡੀਆਂ ਸਿਰਫ ਉਦੋਂ ਦਿੱਤੀਆਂ ਜਾਣ, ਜਦੋਂ ਖਜ਼ਾਨੇ ਦੀ ਸਮਰੱਥਾ ਹੋਵੇ। ਕਿਸਾਨਾਂ ਦੀ ਲਈ ਠੋਸ ਨੀਤੀ ਬਣੇ। ਉਨ੍ਹਾਂ ਨੂੰ ਜਿਣਸਾਂ ਦੀ ਲਾਗਤ ਕੀਮਤ ਮੁਤਾਬਕ ਅਤੇ ਕੁਝ ਮੁਨਾਫਾ ਪਾ ਕੇ ਭਾਅ ਦਿੱਤੇ ਜਾਣ ਤਾਂ ਕਿਸਾਨਾਂ ਦਾ ਸਾਹ ਸੌਖਾ ਹੋ ਜਾਵੇਗਾ।

ਅੱਜ ਪੰਜਾਬ ਸਰਕਾਰ ਦੇ ਹਰ ਮਹਿਕਮੇ ਵਿੱਚ ਵੱਡੀ ਗਿਣਤੀ ਵਿੱਚ ਆਸਾਮੀਆਂ ਖਾਲੀ ਹਨ, ਜੋ ਲੰਮੇ ਸਮੇਂ ਤੋਂ ਭਰੀਆਂ ਨਹੀਂ ਜਾ ਰਹੀਆਂ। ਦੂਜੇ ਪਾਸੇ ਸੂਬੇ ਦੀਆਂ ਯੂਨੀਵਰਸਿਟੀਆਂ ਅਤੇ ਵੱਡੇ ਤਕਨੀਕੀ ਅਦਾਰੇ ਹਰ ਵਰ੍ਹੇ ਹਜ਼ਾਰਾਂ ਦੀ ਤਦਾਦ ਵਿੱਚ ਡਿਗਰੀ ਵਾਲੇ ਨੌਜਵਾਨ ਤਿਆਰ ਕਰ ਰਹੇ ਹਨ। ਸਿੱਟੇ ਵਜੋਂ ਬੇਰੋਜ਼ਗਾਰਾਂ ਦੀ ਵੱਡੀ ਲਾਈਨ ਲੱਗ ਰਹੀ ਹੈ। ਸਹੀ ਅਰਥਾਂ ਵਿੱਚ ਇਸ ਸਭ ਲਈ ਇੱਕ ਠੋਸ ਵਿਉਂਤਬੰਦੀ ਤੇ ਇਮਾਨਦਾਰੀ ਚਾਹੀਦੀ ਹੈ। ਬਦਕਿਸਮਤੀ ਨਾਲ ਕਿਸੇ ਵੀ ਸਰਕਾਰ ਨੇ ਇਧਰ ਧਿਆਨ ਨਹੀਂ ਦਿੱਤਾ। ਸਿਰਫ ਵੋਟਰਾਂ ਦੇ ਸਿਰ 'ਤੇ ਸੱਤਾ ਹੀ ਮਾਣੀ ਹੈ। ਇਸ ਸਾਰੇ ਹਾਲਾਤ ਨੇ ਪੰਜਾਬ ਨੂੰ ਦਿਨੋ ਦਿਨ ਨਿਘਾਰ ਵਾਲੇ ਪਾਸੇ ਤੋਰ ਦਿੱਤਾ ਹੈ।



# ਪੰਜਾਬੀ ਲੋਕਧਾਰਾ ਵਿੱਚ ਰਵਾਇਤੀ ਸਵਾਰੀ

ਡਾ. ਪ੍ਰਿਤਪਾਲ ਸਿੰਘ ਮਹਿਰੋਕ

ਮਨੁੱਖ ਦੇ ਜਨਮ ਤੋਂ ਲੈ ਕੇ ਉਸ ਦੀ ਜ਼ਿੰਦਗੀ ਦੇ ਸਫਰ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਮੰਜੇ ਉੱਤੇ ਪਿਆ ਬੱਚਾ ਉਪਰ-ਥੱਲੇ, ਅੱਗੇ-ਪਿੱਛੇ ਪੈਰ ਮਾਰਨੇ ਸ਼ੁਰੂ ਕਰ ਦਿੰਦਾ ਹੈ। ਬੈਠਦਾ ਹੈ, ਖੜ੍ਹਾ ਹੁੰਦਾ ਹੈ, ਕਦਮ ਪੁੱਟਦਾ ਹੈ ਤੇ ਹੌਲੀ-ਹੌਲੀ ਉਸ ਦਾ ਤੁਰਨ ਦਾ ਸਫਰ ਸ਼ੁਰੂ ਹੁੰਦਾ ਹੈ। ਪੰਜਾਬੀ ਲੋਕ ਗੀਤਾਂ ਵਿੱਚ ਜੀਵਨ ਦੇ ਸਫਰ, ਚਾਲ, ਹਰ ਮੋੜ, ਰੰਗ-ਢੰਗ, ਹਰ ਦੌਰ ਦੇ ਪੜਾਵਾਂ, ਸਫਰ ਸਾਧਨਾਂ ਅਤੇ ਸਫਰ ਦੇ ਅਨੁਭਵ ਦਾ ਕਿਸੇ ਨਾ ਕਿਸੇ ਰੂਪ ਵਿੱਚ ਜ਼ਿਕਰ ਹੁੰਦਾ ਆਇਆ ਹੈ। ਪੈਦਲ ਤੁਰਦਿਆਂ ਸੈਂਕੜੇ ਕੋਹਾਂ ਦਾ ਪੈਂਡਾ ਕਰਦੇ ਰਹਿਣ ਤੋਂ ਲੈ ਕੇ ਲੋਕ ਊਠਾਂ-ਬੋਤਿਆਂ, ਘੋੜੇ-ਘੋੜੀਆਂ, ਗੱਡੇ, ਟਾਂਗਿਆਂ, ਯੱਕੇ, ਬੱਘੀਆਂ, ਪਾਲਕੀਆਂ, ਰੱਥਾਂ ਆਦਿ ਦੀ ਸਵਾਰੀ ਕਰਦੇ ਆਏ ਹਨ। ਮਨੁੱਖ ਨੇ ਪੈਦਲ ਚੱਲਦਿਆਂ ਸਦੀਆਂ ਲੰਮਾ ਪੰਧ ਤੈਅ ਕੀਤਾ ਹੈ। ਪੰਜਾਬੀ ਲੋਕ ਗੀਤਾਂ ਵਿੱਚ ਲੰਮੇ ਪੈਂਡਿਆਂ 'ਤੇ ਪੈਦਲ ਤੁਰਨ ਦੀ ਗੱਲ ਹੁੰਦੀ ਆਈ ਹੈ।

ਸਹੁਰੇ ਪਿੰਡ ਦੀਆਂ ਲੰਮੀਆਂ ਵਾਟਾਂ  
ਹਾਏ ਪੁਆੜਾ ਪੈ ਗਿਆ  
ਯੱਕਾ ਤਾਂ ਭਾੜੇ ਕੋਈ ਨਾ ਕੀਤਾ,  
ਮਾਹੀਆ ਪੈਦਲ ਲੈ ਗਿਆ

ਫਿਰ ਬੋਤੇ ਦੀ ਸਵਾਰੀ ਕਰਕੇ ਦੂਰ-ਨੇੜੇ ਆਉਣ ਜਾਣ ਦੀ ਸਹੂਲਤ ਮਿਲ ਜਾਣ 'ਤੇ ਪੈਦਲ ਚੱਲਣ ਵਾਲਾ ਸਵਾਰੀ ਨੂੰ ਮਾਣ, ਟੌਹਰ ਤੇ ਸ਼ਾਨ ਵਾਲੀ ਗੱਲ ਸਮਝਿਆ ਜਾਂਦਾ ਸੀ।

* ਤੇਰੇ ਬੋਤੇ ਦੀ ਮੁਹਾਰ ਬਣ ਜਾਵਾਂ  
ਸੋਨੇ ਦੇ ਤਵੀਤਾਂ ਵਾਲਿਆਂ  
* ਜਿੱਥੇ ਚੱਲੇਂਗਾ ਚੱਲੂੰਗੀ ਨਾਲ ਤੇਰੇ  
ਬੋਤਾ ਜੀਵੇ ਚੀਨੇ ਰੰਗ ਦਾ।  
* ਤੇਰਾ ਦਿਓਰ, ਜੇਠ,ਘਰ ਵਾਲਾ  
ਬੋਤੇ ਉਤੇ ਤਿੰਨ ਗੱਭਰੂ।  
* ਬੋਤਾ ਹੌਲੀ ਤੋਰ ਮਿੱਤਰਾ  
ਮੇਰਾ ਨਰਮ ਕਾਲਜਾ ਧੜਕੇ

ਪੁਰਾਣੇ ਸਮਿਆਂ ਵਿੱਚ ਊਠ ਮਨੁੱਖ ਦਾ ਨੇੜਲਾ ਸਾਥੀ ਸਮਝਿਆ ਜਾਂਦਾ ਸੀ। ਪੰਜਾਬ ਦੇ ਮਾਲਵਾ ਖਿੱਤੇ ਵਿੱਚ ਬੋਤਾ ਸਰਦੇ-ਪੁੱਜਦੇ ਘਰਾਂ ਦੀ ਸ਼ਾਨ ਹੁੰਦਾ ਸੀ। ਮਾਲਵੇ ਬਹੁਤਾ ਕਰ ਕੇ ਊਠ ਕਿਹਾ ਜਾਂਦਾ ਸੀ। ਪੰਜਾਬੀ ਲੋਕ ਜੀਵਨ ਵਿੱਚ ਊਠ ਦਾ ਆਰਥਿਕ ਅਤੇ ਸਮਾਜਿਕ ਮਹੱਤਵ ਬਣਿਆ ਰਿਹਾ ਹੈ। ਮਾਲਵੇ ਵਿੱਚ ਹੀ ਨਹੀਂ, ਸਾਰੇ ਪੰਜਾਬੀਆਂ ਵਿੱਚ ਊਠ ਨੂੰ ਬੋਤਾ ਕਹਿ ਕੇ ਵਡਿਆਉਣ ਵਧੇਰੇ ਪ੍ਰਚੱਲਿਤ ਰਿਹਾ ਹੈ। ਆਵਾਜਾਈ, ਢੋਆ-ਢੁਆਈ ਅਤੇ ਸਫਰ ਲਈ ਉਹ ਮਨੁੱਖ ਵਾਸਤੇ ਬੇਹੱਦ ਉਪਯੋਗੀ ਜਾਨਵਰ ਹੈ। ਦੂਰ-ਨੇੜੇ ਸਾਕਾਦਾਰੀ ਵਿੱਚ ਆਉਣ-ਜਾਣ, ਮੌਜ-ਮਸਤੀ ਕਰਨ ਜਾਂ ਮੇਲੇ ਜਾਣ ਲਈ ਊਠਾਂ ਤੇ ਘੋੜਿਆਂ ਨੂੰ ਸ਼ਿੰਗਾਰਿਆ ਜਾਂਦਾ ਸੀ ਤੇ ਉਨ੍ਹਾਂ 'ਤੇ ਸਵਾਰੀ ਕੀਤੀ ਜਾਂਦੀ ਸੀ.

* ਸੋਹਣੀ ਰੰਨ ਦੇ ਮੁਕੱਦਮੇ ਜਾਣਾ,  
ਊਠਣੀ ਸ਼ਿੰਗਾਰ ਮੁੰਡਿਆ।  
* ਊਠਾਂ ਵਾਲਿਓ ਵੇ ਊਠ ਲੱਦੇ ਗੰਗਾ ਨੂੰ  
ਚੰਦਰੀ ਦਾ ਪੁੱਤ ਪੈਸੇ ਦੇਂਦਾ ਨਹੀਂ ਵੰਗਾਂ ਨੂੰ  
* ਊਠਾਂ ਵਾਲਿਆਂ ਨੂੰ ਨਾ ਦੇਈਂ ਮੇਰੀ ਮਾਏ  
ਤੜਕੇ ਉੱਠ ਕੇ ਲੱਦ ਜਾਣਗੇ।  
ਸਾਡੇ ਧਰੇ ਮੁਕਲਾਵੇ ਛੱਡ ਜਾਣਗੇ।

ਘੋੜਾ ਮਨੁੱਖ ਦੇ ਮਿੱਤਰ ਤੇ ਵਫਾਦਾਰ ਜਾਨਵਰਾਂ ਵਿੱਚੋਂ ਬੜੇ ਸੁੰਦਰ ਤੇ ਚੁਸਤ ਜਾਨਵਰ ਵਜੋਂ ਜਾਣਿਆ ਜਾਂਦਾ ਹੈ। ਉਸ ਦੇ ਦੌੜਨ ਦੀ ਸਮਰੱਥਾ/ ਸ਼ਕਤੀ ਉਸ ਦੇ ਦੌੜਨ ਦੀ ਗਤੀ ਤੇ ਉਸ ਦੇ ਫੁਰਤੀਲੇਪਣ ਤੋਂ ਕੁੱਲ ਦੁਨੀਆਂ ਵਾਕਿਫ ਹੈ। ਘੋੜੇ ਨੂੰ ਲੰਮੀ ਦੌੜ ਦੌੜਨ ਵਾਲੇ ਬੇਹੱਦ ਤਾਕਤਵਰ ਜਾਨਵਰ ਵਜੋਂ ਜਾਣਿਆ ਜਾਂਦਾ ਹੈ। ਘੋੜੇ ਦੀ ਸਵਾਰੀ ਕਰਨ ਵਿੱਚ ਮਨੁੱਖ ਹਮੇਸ਼ਾਂ ਮਾਣ ਮਹਿਸੂਸ ਕਰਦਾ ਆਇਆ ਹੈ।

* ਤੂੰ ਘੋੜੇ, ਮੈਂ ਪਾਲਕੀ  
ਚੱਲਾਂਗੇ ਹੰਸਾਂ ਦੀ ਚਾਲ, ਮੈਂ ਵਾਰੀ..  
* ਵਿਹੜੇ ਤਾਂ ਸਾਡੀ ਹਰੀ ਫੁਲਾਹੀ  
ਮੋੜ ਘੋੜਾ ਬਹਿ ਜਾਈਂ  
ਛਾਵੇਂ ਵੀ ਬਹਿ ਗਿਆ, ਗੱਲਾਂ ਵੀ ਕਰ ਗਿਆ  
ਉਹੋ ਮਾਹੀ ਸਾਨੂੰ ਛਲ ਗਿਆ  
* ਘੋੜਾ ਪੀੜ ਕੇ ਮੋੜਨ ਭੱਜਾ  
ਮਗਰੇ ਵਾਹੋ ਦਾਹ, ਸ਼ਾਵਾ!  
ਆਖੇ, ਆਹ ਲੈ ਪੰਜ ਰੁਪਈਏ,  
ਵੰਗਾਂ ਹੋਰ ਚੜ੍ਹਾ ਜਾਵਾਂ।  
* ਦਿਓਰਾ ਖਿੱਦੋ ਖੇਡਦਿਆਂ ਵੇ,  
ਅੱਜ ਘਰ ਆਇਆ ਵੀਰ  
ਹੱਥ ਤਲਵਾਰ, ਘੋੜੇ ਅਸਵਾਰ, ਅਸਾਂ ਪੇਕੇ ਜਾਣਾ ਹੋ..

ਊਠ ਅਤੇ ਘੋੜੇ ਦੀ ਸਵਾਰੀ ਦੇ ਨਾਲ ਹਾਥੀ ਦੀ ਸਵਾਰੀ ਵੀ ਸ਼ਾਹੀ ਸਵਾਰੀ ਸਮਝੀ ਜਾਂਦੀ ਸੀ। ਰਾਜੇ-ਮਹਾਰਾਜੇ ਹਾਥੀ ਦੀ ਸਵਾਰੀ ਕਰਦੇ ਸਨ। ਕਾਫਲਿਆਂ ਵਿੱਚ ਸ਼ਾਹੀ ਠਾਠ ਨਾਲ ਨਿਕਲਦੇ ਸਨ। ਪੰਜਾਬੀ ਲੋਕ ਜੀਵਨ ਵਿੱਚ ਗੱਡੇ ਦੀ ਸਵਾਰੀ ਦਾ ਆਪਣਾ ਇੱਕ ਦੌਰ ਵੀ ਰਿਹਾ ਹੈ ਤੇ ਮਹੱਤਵ ਵੀ। ਗੱਡਾ ਅਸਲ ਵਿੱਚ ਭਾਰ ਢੋਣ ਵਾਲੀ ਅਤੇ ਆਵਾਜਾਈ ਵਾਸਤੇ ਵਰਤੋਂ ਵਿੱਚ ਲਿਆਉਣ ਵਾਲੀ ਬੈਲ ਗੱਡੀ ਹੁੰਦੀ ਸੀ। ਇਸ 'ਤੇ ਘਰ ਦਾ ਸਾਜ਼ੋ ਸਾਮਾਨ, ਖੇਡਾਂ ਵਿੱਚ ਵਰਤਣ ਵਾਲੀਆਂ ਚੀਜ਼ਾਂ ਤੇ ਫਸਲ ਦੀਆਂ ਜਿਣਸਾਂ ਨੂੰ ਢੋਇਆ ਜਾਂਦਾ ਸੀ। ਸਮਾਜਿਕ ਇਕੱਠਾਂ ਤੇ ਵਿਆਹਾਂ 'ਤੇ ਜਾਣ ਲਈ ਵੀ ਬੈਲ ਗੱਡੀ ਬੜੀ ਉਪਯੋਗੀ ਸਵਾਰੀ ਹੁੰਦੀ ਸੀ। ਲੰਮੇ ਸਫਰ 'ਤੇ ਨਿਕਲਣ ਲਈ ਬੈਲ ਗੱਡੀ ਦੇ ਪਿੱਛੇ ਇੱਕ ਵਾਧੂ ਬਲਦ ਬੰਨ੍ਹ ਲਿਆ ਜਾਂਦਾ ਸੀ। ਖਾਣ-ਪੀਣ ਦੇ ਪਦਾਰਥ ਵੀ ਨਾਲ ਲੈ ਲਏ ਜਾਂਦੇ ਸਨ। ਪਸ਼ੂਆਂ ਲਈ ਪੱਠ-ਦੱਥਾ ਵੀ ਗੱਡੇ 'ਤੇ ਰੱਖ ਲਿਆ ਜਾਂਦਾ ਸੀ। ਗੱਡੇ ਥੱਲੇ ਇੱਕ ਲਾਲਟੈਣ ਵੀ ਬੰਨ੍ਹ ਲਈ ਜਾਂਦੀ ਸੀ, ਜਿਸ ਨੂੰ ਹਨੇਰਾ ਹੋਣ 'ਤੇ ਜਗਾ ਲਿਆ ਜਾਂਦਾ ਸੀ। ਜਿਨ੍ਹਾਂ ਲੋਕਾਂ ਕੋਲ ਗੱਡੇ ਹੁੰਦੇ ਸਨ, ਉਹ ਸਰਦੇ-ਪੁੱਜਦੇ ਹੁੰਦੇ ਸਨ ਤੇ ਇਸ ਦੋਪਹੀਆ ਵਾਹਨ ਨੂੰ ਠੇਲ੍ਹਾ ਵੀ ਕਹਿ ਲਿਆ ਜਾਂਦਾ ਹੈ। ਪੰਜਾਬੀ ਲੋਕ ਗੀਤਾਂ ਵਿੱਚ ਗੱਡੇ ਦਾ ਜ਼ਿਕਰ ਕਈ ਕੋਣਾਂ ਤੋਂ ਕੀਤਾ ਗਿਆ ਮਿਲਦਾ ਹੈ.

* ਗੱਡ ਗਡੀਰੇ ਵਾਲਿਆ ਗੱਡ ਹੌਲੀ-ਹੌਲੀ ਤੋਰ  
ਮੇਰੇ ਦੁਖਣ ਕੰਨਾਂ ਦੀਆਂ ਵਾਲੀਆਂ ਤੇ  
ਦਿਲ ਨੂੰ ਪੈਂਦੇ ਹੌਲ  
* ਸਣੇ ਬਲਦ ਗੱਡਾ ਪੁੰਨ ਕੀਤਾ  
ਵੀਰ ਮੇਰੇ ਧਰਮੀ ਨੇ।  
* ਗੱਡਾ ਆ ਗਿਆ ਸੰਦੂਕੋਂ ਖਾਲੀ  
ਬਹੁਤਿਆਂ ਭਰਾਵਾਂ ਵਾਲੀਏ।

ਗੱਡੇ ਨੂੰ ਘੋੜੇ, ਖੱਚਰ, ਬਲਦ ਆਦਿ ਜਾਨਵਰਾਂ ਨਾਲ ਖਿੱਚਿਆ ਜਾ ਸਕਦਾ ਹੈ। ਗੱਡੇ ਨੂੰ ਖਿੱਚਣ ਵਾਲੇ ਜਾਨਵਰ ਅਨੁਸਾਰ ਉਸ ਨੂੰ ਬੈਲ ਗੱਡੀ, ਘੋੜਾ ਗੱਡੀ ਜਾਂ ਖੱਚਰ ਗੱਡੀ ਜਾਂ ਖੱਚਰ ਰੇਹੜਾ ਕਹਿ ਲਿਆ ਜਾਂਦਾ ਹੈ। ਪਹਿਲਾਂ ਗੱਡੇ ਦੇ ਪਹੀਏ ਲੱਕੜ ਦੇ ਬਣੇ ਹੁੰਦੇ ਸਨ। ਫਿਰ ਹੌਲੀ-ਹੌਲੀ ਟਾਇਰ-ਟਿਊਬ ਵਾਲੇ ਪਹੀਆਂ ਵਾਲੇ ਗੱਡਿਆਂ ਦਾ ਪ੍ਰਚਲਨ ਹੁੰਦਾ ਗਿਆ।





ਰੱਥ 'ਤੇ ਸਵਾਰੀ ਕਰਨ ਨੂੰ ਮਾਣ ਵਾਲੀ ਗੱਲ ਸਮਝਿਆ ਜਾਂਦਾ ਸੀ। ਦੋ ਗੁੰਬਦਾਂ ਦੀ ਸ਼ਕਲ ਵਾਲੇ ਰੱਥ ਨੂੰ ਬਲਦਾਂ ਦੀ ਜੋੜੀ ਖਿੱਚਦੀ ਸੀ। ਰੱਥ 'ਤੇ ਬਹੁਤ ਜਚਦੇ-ਫੱਬਦੇ ਤੇ ਸੋਹਣੇ ਲੱਗਣ ਵਾਲੇ ਝੁੰਮਣ ਪਾਏ ਹੁੰਦੇ ਸਨ ਤੇ ਬਲਦਾਂ ਦੇ ਗਲਾਂ ਵਿੱਚ ਰੰਗਦਾਰ ਰੱਸੀਆਂ ਵਿੱਚ ਘੁੰਗਰੂ, ਮਣਕੇ, ਟੱਲੀਆਂ ਤੇ ਫੁੰਮਣੀਆਂ ਪਰੋ ਕੇ ਪਾਈਆਂ ਹੁੰਦੀਆਂ ਸਨ। ਬਲਦਾਂ ਨੂੰ ਬਹੁ-ਰੰਗੀਆਂ ਰੱਸੀਆਂ ਨਾਲ ਸ਼ਿੰਗਾਰਿਆ ਜਾਂਦਾ ਸੀ। ਉਨ੍ਹਾਂ ਦੇ ਸਿੰਗਾਂ 'ਤੇ ਰੰਗ-ਬਿਰੰਗੀਆਂ ਚੁੰਨੀਆਂ ਬੰਨ੍ਹੀਆਂ ਜਾਂਦੀਆਂ ਸਨ। ਇੰਜ ਉਹ ਰੱਥ ਬੜੇ ਸੋਹਣੇ ਲੱਗਦੇ ਸਨ। ਬਰਾਤਾਂ ਰੱਥਾਂ, ਬਲਦਾਂ ਵਾਲੇ ਗੱਡੇ-ਗੱਡੀਆਂ, ਟਾਂਗਿਆਂ ਆਦਿ 'ਤੇ ਜਾਂਦੀਆਂ ਸਨ। ਵਿਆਹੁਲੀ ਲੜਕੀ ਨੂੰ ਡੋਲੀ ਵਿੱਚ ਬਿਠਾ ਕੇ ਲਿਜਾਇਆ ਜਾਂਦਾ ਸੀ। ਡੋਲੀ ਨੂੰ ਕੁਹਾਰ ਚੁੱਕਦੇ ਸਨ। ਉਸ ਸਮੇਂ ਨਾਲ ਸਬੰਧਿਤ ਪੰਜਾਬੀ ਦੇ ਕੁਝ ਲੋਕ ਗੀਤਾਂ ਦੀਆਂ ਤੁਕਾਂ ਲੋਕ ਮਨਾਂ ਨੂੰ ਟੁੰਬਦੀਆਂ ਆਈਆਂ ਹਨ.

* ਤੇਰੇ ਮਹਿਲਾਂ ਦੇ ਵਿੱਚ-ਵਿੱਚ ਵੇ  
ਬਾਬਲ ਡੋਲਾ ਨਹੀਂ ਲੰਘਣਾ  
ਇੱਕ ਇੱਟ ਪੁਟਾ ਦੇਵਾਂ  
ਧੀਏ ਘਰ ਜਾ ਆਪਣੇ  
* ਮੇਰੀ ਡੋਲੀ 'ਤੇ ਲੱਗੇ ਹੀਰ ਨੀਂ ਮਾਂ  
ਮੈਨੂੰ ਵਿਦਾ ਕਰਨ ਮੇਰੇ ਵੀਰ ਨੀਂ ਮਾਂ

ਸ਼ਾਹੀ ਘਰਾਣਿਆਂ, ਪੈਸੇ ਵਾਲੇ ਲੋਕਾਂ ਅਤੇ ਸਾਧਨ ਸੰਪੰਨ ਲੋਕਾਂ ਵੱਲੋਂ ਆਪਣੇ ਘਰਾਂ ਦੀਆਂ ਠਾਠ-ਬਾਠ ਵਾਲੀਆਂ ਔਰਤਾਂ ਦੇ ਆਉਣ-ਜਾਣ ਲਈ ਪਾਲਕੀਆਂ ਦੀ ਵਰਤੋਂ ਕੀਤੀ ਜਾਂਦੀ ਸੀ। ਰਾਜੇ-ਮਹਰਾਜੇ ਹਾਥੀ-ਘੋੜਿਆਂ ਦੀ ਸਵਾਰੀ ਤਾਂ ਕਰਦੇ ਹੀ ਸਨ, ਉਹ ਪਾਲਕੀ ਦੀ ਸਵਾਰੀ ਕਰਨ ਦਾ ਸ਼ੌਕ ਵੀ ਰੱਖਦੇ ਸਨ।

* ਦੰਮਾਂ ਦੀ ਬੋਰੀ ਤੇਰਾ ਬਾਬਾ ਫੜੇ  
ਵੇ ਨਿੱਕਿਆ, ਹਾਥੀਆਂ ਦੇ ਸੰਗਲ ਤੇਰਾ ਬਾਪ ਫੜੇ  
ਹਾਥੀਆਂ ਦੇ ਸੰਗਲ ਤੇਰਾ ਬਾਪ ਫੜੇ  
ਵੇ ਨਿੱਕਿਆ, ਘੋੜੀ 'ਤੇ ਮੇਰਾ ਸੋਹਣਾ ਵੀਰ ਚੜ੍ਹੇ..

ਹਾਥੀਆਂ-ਘੋੜਿਆਂ 'ਤੇ ਆਉਂਦੀਆਂ ਬਰਾਤਾਂ ਨੂੰ ਠਹਿਰਾਉਣ ਤੇ ਹਾਥੀ-ਘੋੜਿਆਂ ਨੂੰ ਬੰਨ੍ਹਣ ਦਾ ਯਥਾ ਯੋਗ ਪ੍ਰਬੰਧ ਕੀਤਾ ਜਾਂਦਾ ਸੀ। ਗੱਡੇ ਤੋਂ ਪਿੱਛੋਂ ਟਾਂਗੇ ਜਾਂ ਯੱਕੇ ਦੀ ਸਵਾਰੀ ਤਾਂ ਮਨੁੱਖ ਦੀ ਵੱਡੀ ਰੀਝ ਪੂਰੀ ਕਰ ਦਿੰਦੀ ਹੈ। ਟਾਂਗਾ ਮਨੁੱਖ ਵਾਸਤੇ ਸ਼ਾਹੀ ਸਵਾਰੀ ਬਣ ਕੇ ਪ੍ਰਗਟ ਹੁੰਦਾ ਹੈ। ਟਾਂਗੇ ਤੇ ਯੱਕੇ ਦੀ ਸਵਾਰੀ ਦੀ ਸਹੂਲਤ ਮਨੁੱਖ ਨੂੰ ਨਵਾਂ ਹੁਲਾਰਾ ਪ੍ਰਦਾਨ ਕਰਦੀ ਹੈ। ਸਮੇਂ ਦੀ ਤੋਰ ਦੇ ਨਾਲ ਪੰਜਾਬੀ ਲੋਕ ਗੀਤ ਵੀ ਟਾਂਗਿਆਂ-ਯੱਕਿਆਂ ਦੀ ਸਵਾਰੀ ਕਰਦੇ ਪ੍ਰਤੀਤ ਹੁੰਦੇ ਹਨ.

* ਵੱਟਾ ਮਾਰਿਆ ਟਾਂਗੇ ਨੂੰ  
ਹੀਰ ਜੇ ਨਾ ਜੰਮਦੀ,  
ਦੁੱਖ ਲੱਗਦੇ ਨਾ ਰਾਂਝੇ ਨੂੰ।  
* ਚੜ੍ਹ ਗਿਆ ਡਾਕ ਗੱਡੀ  
ਮੈਨੂੰ ਦੇ ਗਿਆ ਯੱਕੇ ਦਾ ਭਾੜਾ।

ਸਮਾਂ ਬੀਤਦਾ ਜਾਂਦਾ ਹੈ। ਜਿਨ੍ਹਾਂ ਰਾਹਾਂ 'ਤੇ ਊਠਾਂ, ਘੋੜਿਆਂ, ਹਾਥੀਆਂ, ਟਾਂਗਿਆਂ ਆਦਿ ਸਵਾਰੀਆਂ ਦਾ ਡੰਕਾ ਵੱਜਦਾ ਸੀ, ਉਨ੍ਹਾਂ ਰਾਹਾਂ 'ਤੇ ਸਾਈਕਲ ਆ ਚੜ੍ਹਦਾ ਹੈ। ਸਾਈਕਲ ਦੀ ਟੌਹਰ ਉਦੋਂ ਤੱਕ ਦੀਆਂ ਬਾਕੀ ਸਵਾਰੀਆਂ ਦੇ ਰੰਗ ਨੂੰ ਫਿੱਕਾ ਪਾ ਦਿੰਦੀ ਹੈ। ਮਨੁੱਖ ਦੇ ਪੈਂਡੇ ਲੰਮੇਰੇ ਹਨ। ਪੰਜਾਬੀ ਲੋਕ ਧਾਰਾ ਦੇ ਪੈਰਾਂ ਤੇ ਪਹੀਆਂ 'ਤੇ ਸਵਾਰੀ ਕਰਦਾ ਆਉਂਦਾ ਮਨੁੱਖ ਬਹੁਤ ਦੂਰ ਤੱਕ ਨਿਕਲ ਆਇਆ ਹੈ। ਉਸ ਨੇ ਬੱਸਾਂ, ਲਾਰੀਆਂ, ਟਰੱਕਾਂ, ਕਾਰਾਂ, ਰੇਲ ਗੱਡੀ ਆਦਿ 'ਤੇ ਸਵਾਰੀ ਕਰਦਿਆਂ ਲੱਖਾਂ-ਕਰੋੜਾ ਕੋਹਾਂ ਦਾ ਪੰਧ ਤੈਅ ਕਰ ਲਿਆ ਹੈ। ਹੋਰ ਲੰਮੀਆਂ ਵਾਟਾਂ ਅਜੇ ਬਾਕੀ ਹਨ।

## ਹਲਕਾ ਫੁਲਕਾ

ਇੱਕ ਵਾਰ ਇੱਕ ਗੰਜਾ ਵਿਅਕਤੀ ਵਾਲ ਕਟਵਾਉਣ ਲਈ ਹੇਅਰ ਡਰੈਸਰ ਕੋਲ ਗਿਆ। ਉਹ ਬੋਲਿਆ, "ਮੇਰੇ ਸਿਰ 'ਤੇ ਤਾਂ ਬਹੁਤ ਘੱਟ ਵਾਲ ਹਨ। ਤੈਨੂੰ ਮੇਰੇ ਤੋਂ ਘੱਟ ਪੈਸੇ ਲੈਣੇ ਚਾਹੀਦੇ ਹਨ।"

ਹੇਅਰ ਡਰੈਸਰ ਬੋਲਿਆ, "ਜਨਾਬ, ਮੈਂ ਤੁਹਾਡੇ ਕੋਲੋਂ ਵਾਲ ਕੱਟਣ ਦੇ ਪੈਸੇ ਨਹੀਂ ਲੈਂਦਾ, ਵਾਲ ਲੱਭਣ ਦੇ ਪੈਸੇ ਲੈਂਦਾ ਹਾਂ।"

*********

ਸੁਪਰਵਾਈਜ਼ਰ (ਨਵੇਂ ਕਰਮਚਾਰੀ ਨੂੰ), "ਮਿਸਤਰੀ ਨੇ ਤੈਨੂੰ ਕੀ ਕਰਨ ਲਈ ਕਿਹਾ ਹੈ?"

ਨਵਾਂ ਕਰਮਚਾਰੀ, "ਇਹੋ ਕਿ ਜਦੋਂ ਤੁਸੀਂ ਇਧਰ ਆਉਂਦੇ ਨਜ਼ਰ ਆਓ ਤਾਂ ਮੈਂ ਉਸ ਨੂੰ ਜਗਾ ਦਿਆ ਕਰਾਂ।"

*********

ਟੀਚਰ (ਵਿਦਿਆਰਥੀਆਂ ਨੂੰ), "ਬੱਚਿਓ, ਦੱਸੋ ਸਭ ਤੋਂ ਬਾਅਦ 'ਚ ਆਉਣ ਵਾਲੇ ਦੰਦਾਂ ਨੂੰ ਕੀ ਕਹਿੰਦੇ ਹਨ?"

ਵਿਦਿਆਰਥੀ, "ਬਨਾਉਟੀ ਦੰਦ।"

NEED A LAWYER ??

Red Seal NOTARY

KAUR LAW OFFICE



MANJEET KAUR

LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099

Fax: 905-454-2234

2575 Steeles Ave. E., Unit 1,Brampton, ON L6T 5T1

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224



# ਕੈਪਟਨ ਨੇ ਕੇਂਦਰ ਤੋਂ ਝੋਨਾ ਖਰੀਦਣ ਲਈ 34500 ਕਰੋੜ ਸੀ ਸੀ ਐਲ ਮੰਗੀ



ਜਲੰਧਰ, 8 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਨੂੰ ਝੋਨੇ ਦੀ ਖਰੀਦ ਲਈ ਸੀ ਸੀ ਐੱਲ (ਕੈਸ਼ ਕ੍ਰੈਡਿਟ ਲਿਮਿਟ) ਜਾਰੀ ਕਰਨ ਨੂੰ ਕਿਹਾ ਹੈ ਕਿਉਂਕਿ ਰਾਜ ਦੀਆਂ ਮੰਡੀਆਂ ਵਿੱਚ ਝੋਨੇ ਦੀ ਫਸਲ ਦੀ ਆਮਦ ਸ਼ੁਰੂ ਹੋ ਗਈ ਹੈ। ਮਿਲੀ ਜਾਣਕਾਰੀ ਅਨੁਸਾਰ ਪੰਜਾਬ ਦੀਆਂ 1732 ਮੰਡੀਆਂ 'ਚ ਇੱਕ ਲੱਖ ਟਨ ਤੋਂ ਵੱਧ ਫਸਲ ਆ ਚੁੱਕੀ ਹੈ ਤੇ ਕੇਂਦਰ ਤੋਂ ਸੀ ਸੀ ਐੱਲ ਜਾਰੀ ਹੋਣ ਦਾ ਇੰਤਜ਼ਾਰ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਰਾਜ ਸਰਕਾਰ ਨੇ ਇੱਕ ਮਹੀਨਾ ਪਹਿਲਾਂ ਹੀ ਕੇਂਦਰ ਨੂੰ 34000 ਕਰੋੜ ਰੁਪਏ ਦੀ ਸੀ ਸੀ ਐੱਲ ਜਾਰੀ ਕਰਨ ਵਾਸਤੇ ਕਹਿ ਦਿੱਤਾ ਸੀ ਅਤੇ ਇਸ ਬਾਰੇ ਸਭ ਰਸਮੀ ਕਾਰਵਾਈਆਂ ਪੂਰੀਆਂ ਹੋ ਗਈਆਂ ਸਨ, ਪਰ ਰਿਜ਼ਰਵ ਬੈਂਕ ਨੇ ਸੀ ਸੀ ਐੱਲ ਨੂੰ ਅਜੇ ਵੀ ਮਨਜ਼ੂਰੀ ਦੇਣੀ ਹੈ। ਪੰਜਾਬ ਵਿੱਚ ਚਾਲੂ ਖਰੀਦ ਸੀਜ਼ਨ 'ਚ ਲਗਭਗ 170 ਲੱਖ ਟਨ ਝੋਨੇ ਦੀ ਫਸਲ ਦੀ ਖਰੀਦ ਦਾ ਅਨੁਮਾਨ ਹੈ। ਮੁੱਖ ਮੰਤਰੀ ਦੀਆਂ ਹਦਾਇਤਾਂ ਅਨੁਸਾਰ ਪਿਛਲੇ ਹਫਤੇ ਖੁਰਾਕ ਤੇ ਸਪਲਾਈ ਵਿਭਾਗ ਦੇ ਮੁੱਖ ਸਕੱਤਰ ਕੇ ਏ ਪੀ ਸਿਨਹਾ ਨੇ ਦਿੱਲੀ ਜਾ ਕੇ ਕੇਂਦਰ ਤੋਂ ਸੀ ਸੀ ਐੱਲ ਜਾਰੀ ਕਰਾਉਣ ਦੇ ਯਤਨ ਕੀਤੇ ਸਨ। ਕਿਸਾਨਾਂ ਨੂੰ ਫਸਲ ਦੀ ਰਕਮ ਦੀ ਅਦਾਇਗੀ ਲਈ ਸੀ ਸੀ ਐੱਲ ਦਾ ਜਾਰੀ ਹੋਣਾ ਲਾਜ਼ਮੀ ਹੈ।

ਸਰਕਾਰੀ ਸੂਤਰਾਂ ਨੇ ਦੱਸਿਆ ਕਿ ਭਾਰਤੀ ਰਿਜ਼ਰਵ ਬੈਂਕ ਨੇ ਪੰਜਾਬ ਦੇ ਖੁਰਾਕ ਸਪਲਾਈ ਵਿਭਾਗ ਨੂੰ ਕਿਹਾ ਹੈ ਕਿ ਉਹ ਆਪਣੇ ਬਕਾਏ ਦੇਵੇ, ਇਸ ਲਈ ਸੀ ਸੀ ਐੱਲ ਉਸ ਨੇ ਮਨਜ਼ੂਰ ਨਹੀਂ ਕੀਤੀ, ਪਰ ਜਿਸ ਤਰ੍ਹਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਉੱਚ ਅਧਿਕਾਰੀਆਂ ਨੂੰ ਸੀ ਸੀ ਐੱਲ ਜਾਰੀ ਕਰਾਉਣ ਲਈ ਕਿਹਾ ਹੈ, ਉਸ ਨੂੰ ਦੇਖਦੇ ਹੋਏ, ਉਮੀਦ ਕੀਤੀ ਜਾ ਰਹੀ ਹੈ ਕਿ ਅਗਲੇ ਇੱਕ-ਦੋ ਦਿਨਾਂ 'ਚ ਮਸਲਾ ਸੁਲਝ ਸਕਦਾ ਹੈ। ਦੱਸਿਆ ਜਾ ਰਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਦਫਤਰ ਦੇ ਉਚ ਅਧਿਕਾਰੀਆਂ ਨੂੰ ਕਿਹਾ ਹੈ ਕਿ ਉਹ ਇਸ ਬਾਰੇ ਰੋਜ਼ਾਨਾ ਲਗਾਤਾਰ ਕੇਂਦਰ ਸਰਕਾਰ ਨਾਲ ਗੱਲਬਾਤ ਕਰ ਕੇ ਇਹ ਰਕਮ ਜਾਰੀ ਕਰਾਉਣ।

# ਲੁੱਟਾਂ ਖੋਹਾਂ ਕਰਨ ਵਾਲੇ ਅੱਠ ਮੈਂਬਰੀ ਗੈਂਗ ਦੇ ਤਿੰਨ ਬੰਦੇ ਫੜੇ



*ਲੁੱਟਾਂ-ਖੋਹਾਂ ਕਰਨ ਵਾਲੇ ਗੈਂਗ ਦੇ 3 ਗ੍ਰਿਫਤਾਰ ਮੈਬਰਾਂ ਬਾਰੇ ਪੁਲਸ ਜਾਣਕਾਰੀ ਦਿੰਦੀ ਹੋਈ।*

ਤਰਨ ਤਾਰਨ, 8 ਅਕਤੂਬਰ (ਪੋਸਟ ਬਿਊਰੋ)- ਥਾਣਾ ਸਦਰ ਪੱਟੀ ਪੁਲਸ ਨੇ ਲੁੱਟਾਂ ਕਰਨ ਵਾਲੇ ਗੈਂਗ ਦਾ ਪਰਦਾ ਫਾਸ਼ ਕਰ ਕੇ ਅੱਠ ਵਿਅਕਤੀਆਂ ਉੱਤੇ ਕੇਸ ਦਰਜ ਕੀਤਾ ਹੈ। ਇਨ੍ਹਾਂ ਵਿੱਚੋਂ ਤਿੰਨਾਂ ਨੂੰ ਇੱਕ ਕਾਰ, ਚਾਰ ਮੋਟਰ ਸਾਈਕਲਾਂ ਅਤੇ ਹਥਿਆਰਾਂ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ। ਬਾਕੀ ਮੁਲਜ਼ਮ ਅਜੇ ਫਰਾਰ ਹਨ।

ਇਸ ਸੰਬੰਧੀ ਐੱਸ ਐੱਚ ਓ ਬਲਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਪਤਾ ਲੱਗਾ ਸੀ ਕਿ ਇਲਾਕੇ 'ਚ ਲੁੱਟਾਂ-ਖੋਹਾਂ ਕਰਨ ਵਾਲੇ ਗੈਂਗ ਦੇ ਮੈਂਬਰ ਪਿੰਡ ਸਭਰਾ ਨਜ਼ਦੀਕ ਜੰਗਲਾਤ ਮਹਿਕਮੇ ਦੀ ਰੱਖ 'ਚ ਲੁਕ ਕੇ ਕਿਸੇ ਵਾਰਦਾਤ ਨੂੰ ਅੰਜਾਮ ਦੇਣ ਦੀ ਵਿਉਂਤ ਬਣਾ ਰਹੇ ਹਨ ਅਤੇ ਇਨ੍ਹਾਂ ਕੋਲ ਮਾਰੂ ਹਥਿਆਰ ਅਤੇ ਚੋਰੀ ਦੇ ਵਹੀਕਲ ਵੀ ਹਨ, ਜਿਸ 'ਤੇ ਕਾਰਵਾਈ ਕਰਦਿਆਂ ਉਨ੍ਹਾਂ ਨੇ ਪੁਲਸ ਪਾਰਟੀ ਨਾਲ ਉਸ ਥਾਂ ਦੀ ਘੇਰਾਬੰਦੀ ਕਰ ਲਈ ਅਤੇ ਤਿੰਨ ਜਣੇ ਗ੍ਰਿਫਤਾਰ ਕਰ ਲਏ, ਜਿਨ੍ਹਾਂ ਦੀ ਪਛਾਣ ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਬਲਵਿੰਦਰ ਸਿੰਘ ਵਾਸੀ ਸੀਤੋ ਨੌ ਆਬਾਦ, ਗੁਰਜੀਤ ਸਿੰਘ ਪੁੱਤਰ ਸਕੱਤਰ ਸਿੰਘ ਵਾਸੀ ਜੌਣੇਕੇ ਅਤੇ ਨਿਰਮਲ ਸਿੰਘ ਉਰਫ ਨਿੰਮਾ ਪੁੱਤਰ ਸੁਖਦੇਵ ਸਿੰਘ ਵਾਸੀ ਦੁੱਬਲੀ ਵਜੋਂ ਹੋਈ। ਇਨ੍ਹਾਂ ਕੋਲੋਂ ਚਾਰ ਪਿਸਟਲ, 10 ਜ਼ਿੰਦਾ ਰੌਂਦ, 1 ਇੱਕ ਕਾਰ ਸਵਿਫਟ ਅਤੇ ਚਾਰ ਮੋਟਰ ਸਾਈਕਲ ਬਿਨਾਂ ਨੰਬਰੀ ਮਿਲੇ ਹਨ। ਹਰਪ੍ਰੀਤ ਸਿੰਘ ਉਰਫ ਹੈਪੀ ਪੁੱਤਰ ਬਲਬੀਰ ਸਿੰਘ, ਗੁਰਚੇਤ ਸਿੰਘ ਪੁੱਤਰ ਨਿਸ਼ਾਨ ਸਿੰਘ ਵਾਸੀ ਸੀਤੋ ਨੌ ਆਬਾਦ, ਹਰਪਾਲ ਸਿੰਘ ਪੁੱਤਰ ਅਨੋਖ ਸਿੰਘ ਵਾਸੀ ਕੁੱਤੀਵਾਲਾ, ਹਰਮਨ ਸਿੰਘ ਪੁੱਤਰ ਦਿਲਜੀਤ ਸਿੰਘ ਵਾਸੀ ਕਾਲੇਕੇ ਉਤਾੜ ਤੇ ਰਵੀਸ਼ੇਰ ਸਿੰਘ ਪੁੱਤਰ ਗੁਰਦਲਬੀਰ ਸਿੰਘ ਵਾਸੀ ਕਾਲੇਕੇ ਉਤਾੜ ਫਰਾਰ ਹੋ ਗਏ। ਇਨ੍ਹਾਂ ਮੁਲਜ਼ਮਾਂ ਖਿਲਾਫ ਮੁਕੱਦਮਾ ਦਰਜ ਕਰ ਕੇ ਫਰਾਰ ਮੁਲਜ਼ਮਾਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਪਠਾਨਕੋਟ ਹਵਾਈ ਅੱਡਾ ਹਾਈ ਸਕਿਓਰਿਟੀ ਦੇ ਹਵਾਲੇ ਹੋਵੇਗਾ

ਜਲੰਧਰ, 8 ਅਕਤੂਬਰ (ਪੋਸਟ ਬਿਊਰੋ)- ਦੇਸ਼ ਦੇ ਹਾਈ ਪ੍ਰੋਫਾਈਲ ਮੰਨੇ ਜਾਂਦੇ ਪਠਾਨਕੋਟ ਹਵਾਈ ਅੱਡੇ ਨੂੰ ਜਲਦੀ ਹੀ ਹਾਈ ਸਕਿਓਰਿਟੀ ਨੂੰ ਸੌਂਪਿਆ ਜਾਵੇਗਾ। ਕੁਝ ਸਾਲ ਪਹਿਲਾਂ ਪਾਕਿਸਤਾਨੀ ਤੋਂ ਆਏ ਦਹਿਸ਼ਤਗਰਦਾਂ ਨੇ ਪਠਾਨਕੋਟ ਹਵਾਈ ਅੱਡੇ 'ਤੇ ਹਮਲਾ ਕਰ ਕੇ ਛੇ ਸੁਰੱਖਿਆ ਮੁਲਾਜ਼ਮਾਂ ਨੂੰ ਮਾਰ ਦਿੱਤਾ ਸੀ। ਪਿੱਛੇ ਜਿਹੇ ਇੰਟੈਲੀਜੈਂਸ ਏਜੰਸੀਆਂ ਨੇ ਆਪਣੀਆਂ ਖੁਫੀਆ ਰਿਪੋਰਟਾਂ ਵਿੱਚ ਇਹ ਹਵਾਈ ਅੱਡਾ ਹਾਈ ਲੈਵਲ ਚਿਤਾਵਨੀ 'ਚ ਰੱਖਿਆ ਹੈ, ਜਿਸ ਮੁਤਾਬਕ ਦਹਿਸ਼ਤਗਰਦਾਂ ਵੱਲੋਂ ਇਸ ਨੂੰ ਮੁੜ ਨਿਸ਼ਾਨਾ ਬਣਾਉਣ ਦੀਆਂ ਸਕੀਮਾਂ ਗੁੰਦੀਆਂ ਜਾ ਰਹੀਆਂ ਹਨ।

ਭਾਰਤ ਵਿੱਚ ਪਠਾਨਕੋਟ ਹਵਾਈ ਅੱਡੇ ਸਣੇ ਛੇ ਸੰਵੇਦਨਸ਼ੀਲ ਹਵਾਈ ਅੱਡਿਆਂ 'ਤੇ ਇੰਟੈਗਰੇਟਿਡ ਪੈਰਾਮੀਟਰ ਸਕਿਓਰਿਟੀ ਸਿਸਟਮ (ਆਈ ਪੀ ਐੱਸ ਐੱਸ) ਸਥਾਪਤ ਕੀਤਾ ਜਾ ਰਿਹਾ ਹੈ। ਜਨਵਰੀ 2016 ਵਿੱਚ ਦਹਿਸ਼ਤਗਰਦਾਂ ਨੇ ਪਠਾਨਕੋਟ ਹਵਾਈ ਅੱਡੇ ਉੱਤੇ ਹਮਲਾ ਕੀਤਾ ਸੀ। ਨਵੀਂ ਸੁਰੱਖਿਆ ਪ੍ਰਣਾਲੀ ਤਹਿਤ ਹਵਾਈ ਅੱਡੇ ਦੇ ਆਲੇ ਦੁਆਲੇ ਸਮਾਰਟ ਫੈਂਸ ਸਰਵਿਲਾਂਸ ਸਿਸਟਮ, ਥਰਮਲ ਕੈਮਰੇ, ਮੋਸ਼ਨ ਡਿਟੈਕਟਰ ਅਤੇ ਕੇਂਦਰੀ ਕੰਟਰੋਲ ਅਤੇ ਕਮਾਨ ਸੈਂਟਰ ਸਥਾਪਤ ਕੀਤੇ ਜਾਣਗੇ। ਦੱਸਿਆ ਗਿਆ ਹੈ ਕਿ ਵਧਾਈ ਹੋਈ ਸੁਰੱਖਿਆ ਨੂੰ ਲਾਗੂ ਕਰਨ ਦੇ ਰਾਹ ਵਿੱਚ ਸਭ ਤੋਂ ਵੱਡਾ ਅੜਿੱਕਾ ਫੰਡਾਂ ਦੀ ਕਮੀ ਦਾ ਹੈ। ਪਠਾਨਕੋਟ ਹਵਾਈ ਅੱਡੇ 'ਤੇ ਹੋਏ ਹਮਲੇ ਮਗਰੋਂ ਭਾਰਤੀ ਹਵਾਈ ਫੌਜ ਨੇ ਸੁਰੱਖਿਆ 'ਤੇ ਇੱਕ ਬਿਲੀਅਨ ਡਾਲਰ ਖਰਚ ਕਰਨ ਦੀ ਤਜਵੀਜ਼ ਕੇਂਦਰ ਸਰਕਾਰ ਨੂੰ ਦਿੱਤੀ ਅਤੇ 54 ਮੁੱਖ ਹਵਾਈ ਅੱਡਿਆਂ ਨੂੰ ਅਪਗ੍ਰੇਡ ਕਰਨ ਲਈ ਕਿਹਾ ਸੀ। ਮਾਰਚ 2017 ਵਿੱਚ ਪਾਰਲੀਮਾਨੀ ਸਥਾਈ ਕਮੇਟੀ, ਜਿਹੜੀ ਰੱਖਿਆ ਮੰਤਰਾਲੇ ਲਈ ਬਣੀ ਹੋਈ ਹੈ, ਨੇ ਮੰਤਰਾਲੇ ਦੀ ਖਿਚਾਈ ਕਰਦੇ ਹੋਏ ਕਿਹਾ ਸੀ ਕਿ ਉਹ ਸੁਰੱਖਿਆ ਯਤਨਾਂ ਵੱਲ ਪੂਰਾ ਧਿਆਨ ਨਹੀਂ ਦੇ ਰਹੀ ਹੈ। ਪਾਰਲੀਮਾਨੀ ਸਥਾਈ ਕਮੇਟੀ ਨੇ ਰੱਖਿਆ ਮੰਤਰਾਲੇ ਨੂੰ ਦੇਸ਼ ਵਿੱਚ ਸੰਵੇਦਨਸ਼ੀਲ ਹਵਾਈ ਅੱਡਿਆਂ ਦੀ ਸੁਰੱਖਿਆ ਬਣਾਉਣ ਦੇ ਫੌਰੀ ਕਦਮ ਚੁੱਕਣ ਨੂੰ ਕਿਹਾ ਸੀ।

# ਸਿਪਾਹੀ ਦੀ ਹੱਤਿਆ ਦੇ ਮਾਮਲੇ ਦੇ ਦੋਸ਼ੀ ਰਿਮਾਂਡ 'ਤੇ ਭੇਜੇ

ਅੰਮ੍ਰਿਤਸਰ, 8 ਅਕਤੂਬਰ (ਪੋਸਟ ਬਿਊਰੋ)- ਪਿਛਲੇ ਦਿਨੀਂ ਐਸ ਟੀ ਐਫ ਦੇ ਸਿਪਾਹੀ ਗਰਦੀਪ ਸਿੰਘ ਦਾ ਕਤਲ ਕਰਨ ਵਾਲੇ ਸਮੱਗਲਰਾਂ ਨੂੰ ਜੰਡਿਆਲਾ ਗੁਰੂ ਥਾਣੇ ਦੀ ਪੁਲਸ ਨੇ ਕੱਲ੍ਹ ਸ਼ਾਮ ਡਿਊਟੀ ਮੈਜਿਸਟਰੇਟ ਅਰਜੁਨ ਸਿੰਘ ਦੀ ਅਦਾਲਤ 'ਚ ਪੇਸ਼ ਕੀਤਾ। ਉੱਤਰ ਪ੍ਰਦੇਸ਼ ਦੇ ਜੌਨਪੁਰ ਰੇਲਵੇ ਸਟੇਸ਼ਨ ਤੋਂ ਗ੍ਰਿਫਤਾਰ ਕੀਤੇ ਗਏ ਵਰਿੰਦਰਜੀਤ ਸਿੰਘ ਤੇ ਰਾਜਨਦੀਪ ਸਿੰਘ ਨੂੰ ਅਦਾਲਤ 'ਚ ਪੇਸ਼ ਕਰਨ ਤੋਂ ਬਾਅਦ ਪੁਲਸ ਨੇ ਦਸ ਦਿਨ ਦਾ ਰਿਮਾਂਡ ਮੰਗਿਆ ਸੀ, ਪਰ ਅਦਾਲਤ ਨੇ ਪੰਜ ਦਿਨ ਦੇ ਪੁਲਸ ਰਿਮਾਂਡ 'ਤੇ ਭੇਜਿਆ ਹੈ, ਜਿਸ ਦੌਰਾਨ ਪੁਲਸ ਪੁਛਗਿੱਛ ਕਰੇਗੀ।

ਜੰਡਿਆਲਾ ਥਾਣਾ ਦੇ ਮੁਖੀ ਅਮੋਲਕ ਸਿੰਘ ਨੇ ਦੱਸਿਆ ਕਿ ਰਾਜਨਦੀਪ ਸਿੰਘ ਅਤੇ ਵਰਿੰਦਰ ਸਿੰਘ ਦੇ ਗਿਰੋਹ ਦੇ ਹੋਰ ਮੈਂਬਰਾਂ ਬਾਰੇ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ ਅਤੇ ਪਤਾ ਲਾਇਆ ਜਾ ਰਿਹਾ ਹੈ ਕਿ ਦੋਸ਼ੀ ਪਿਛਲੇ ਕਿੰਨੇ ਸਮੇਂ ਤੋਂ ਨਸ਼ੇ ਦਾ ਕਾਰੋਬਾਰ ਕਰ ਰਹੇ ਹਨ। ਹੈਰੋਇਨ ਦੀ ਖੇਪ ਕਿੱਥੋਂ ਖਰੀਦੀ ਜਾ ਰਹੀ ਹੈ, ਇਹ ਵੀ ਪੁੱਛਗਿੱਛ ਕਰਨੀ ਹੈ।

ਅਸਲ ਵਿੱਚ ਐਸ ਟੀ ਐਫ ਦੇ ਜਲੰਧਰ ਰੇਂਜ ਨੇ ਪਹਿਲੀ ਅਕਤੂਬਰ ਨੂੰ ਜੰਡਿਆਲਾ ਗੁਰੂ ਇਲਾਕੇ ਵਿਚਲੇ ਨਸ਼ਾ ਸਮੱਗਲਰਾਂ ਉੱਤੇ ਛਾਪੇਮਾਰੀ ਕੀਤੀ ਸੀ। ਪੁਲਸ ਦੀ ਟੁਕੜੀ ਨੇ ਜਲੰਧਰ ਦੇ ਮਾਡਲ ਟਾਊਨ ਇਲਾਕੇ ਵਿੱਚ ਰਹਿਣ ਵਾਲੇ ਕਾਂਸਟੇਬਲ ਗੁਰਦੀਪ ਸਿੰਘ ਨੂੰ ਨਸ਼ੇ ਦੀ ਖੇਪ ਖਰੀਦਣ ਲਈ ਗਾਹਕ ਬਣਾ ਕੇ ਭੇਜਿਆ ਸੀ ਤਾਂ ਪੁਲਸ ਟੀਮ ਸਮੱਗਲਰਾਂ ਦੇ ਅੱਡੇ ਤੋਂ ਥੋੜ੍ਹੀ ਦੂਰ ਸੀ। ਡੀਲ ਕਰ ਰਹੇ ਸਮੱਗਲਰ ਵਰਿੰਦਰ ਸਿੰਘ, ਰਾਜਨਦੀਪ ਸਿੰਘ, ਹਰਪ੍ਰੀਤ ਸਿੰਘ ਤੇ ਪਰਵਿੰਦਰ ਸਿੰਘ ਨੂੰ ਸ਼ੱਕ ਹੋਇਆ ਤਾਂ ਉਨ੍ਹਾਂ ਗੁਰਦੀਪ ਨੂੰ ਘੇਰ ਲਿਆ ਅਤੇ ਧੱਕਾ ਮਾਰ ਕੇ ਜ਼ਮੀਨ 'ਤੇ ਸੁੱਟ ਦਿੱਤਾ ਅਤੇ ਉਸ ਦੀ ਪਿਸਤੌਲ ਖੋਹ ਕੇ ਉਸ ਨੂੰ ਗੋਲੀ ਮਾਰ ਦਿੱਤੀ। ਫਿਰ ਚਾਰੋਂ ਸਮੱਗਲਰ ਫਰਾਰ ਹੋ ਗਏ। ਗੋਲੀ ਚਲਦੇ ਸਾਰ ਪੁਲਸ ਟੀਮ ਘਟਨਾ ਵਾਲੀ ਥਾਂ ਪੁੱਜੀ ਤੇ ਖੂਨ ਨਾਲ ਲੱਥਪੱਥ ਗੁਰਦੀਪ ਨੂੰ ਹਸਪਤਾਲ ਲਿਆਂਦਾ ਗਿਆ, ਪਰ ਉਸ ਦੀ ਮੌਤ ਹੋ ਚੁੱਕੀ ਸੀ। ਪੁਲਸ ਨੇ ਉਸੇ ਰਾਤ ਹਰਪ੍ਰੀਤ ਸਿੰਘ ਤੇ ਪਰਵਿੰਦਰ ਸਿੰਘ ਨੂੰ ਫੜ ਲਿਆ ਸੀ। ਵਰਿੰਦਰ ਸਿੰਘ ਅਤੇ ਰਾਜਨਦੀਪ ਸਿੰਘ ਨੇਪਾਲ ਭੱਜਣ ਦੀ ਫਿਰਾਕ 'ਚ ਸਨ। ਰਾਹ ਵਿੱਚ ਉੱਤਰ ਪ੍ਰਦੇਸ਼ ਦੇ ਜੌਨਪੁਰ ਰੇਲਵੇ ਸਟੇਸ਼ਨ 'ਤੇ ਮੁਲਜ਼ਮਾਂ ਨੇ ਪੁਲਸ 'ਤੇ ਫਾਇਰਿੰਗ ਕਰ ਦਿੱਤੀ। ਜਵਾਬੀ ਫਾਇਰਿੰਗ ਤੋਂ ਬਾਅਦ ਜੌਨਪੁਰ ਪੁਲਸ ਨੇ ਦੋਵਾਂ ਨੂੰ ਕਾਬੂ ਕਰ ਲਿਆ।

# ਪਾਦਰੀ ਬਜਿੰਦਰ ਸਿੰਘ 'ਤੇ ਬੱਚੀ ਨਾਲ ਸਰੀਰਕ ਸ਼ੋਸ਼ਣ ਕਰਨ ਦਾ ਦੋਸ਼ ਲੱਗਾ



*ਬਲਾਤਕਾਰ ਬੱਚੀ ਦੀ ਮਾਂ ਪ੍ਰੈਸ ਕਾਨਫਰੰਸ ਦੌਰਾਨ।*

ਚੰਡੀਗੜ੍ਹ, 8 ਅਕਤੂਬਰ (ਪੋਸਟ ਬਿਊਰੋ)- ਆਪਣੀ 8 ਸਾਲ ਬੱਚੀ ਨੂੰ ਇਨਸਾਫ ਦਿਵਾਉਣ ਦੀ ਗੁਹਾਰ ਲਈ ਇੱਕ ਮਾਂ ਕੱਲ੍ਹ ਸੈਕਟਰ 27 ਵਿਖੇ ਪ੍ਰੈਸ ਕਲੱਬ ਵਿੱਚ ਮੀਡੀਆ ਦੇ ਸਾਹਮਣੇ ਹੋਈ। ਉਸ ਨੇ ਦੋਸ਼ ਲਾਏ ਕਿ ਵਿਦੇਸ਼ ਵਿੱਚ ਪਾਦਰੀ ਬਜਿੰਦਰ ਸਿੰਘ ਨੇ ਉਸ ਦੀ ਬੱਚੀ ਦਾ ਸਰੀਰਕ ਸ਼ੋਸ਼ਣ ਕੀਤਾ ਹੈ।

ਯੋਗ ਹੈ ਕਿ ਪਾਦਰੀ ਬਜਿੰਦਰ ਸਿੰਘ 'ਤੇ ਇਹ ਦੂਜਾ ਦੋਸ਼ ਲੱਗਾ ਹੈ, ਇਸ ਤੋਂ ਪਹਿਲਾਂ ਉਹ ਜ਼ਿਲ੍ਹਾ ਮੁਹਾਲੀ ਦੀ ਇੱਕ ਅਦਾਲਤ ਵਿੱਚ ਬਲਾਤਕਾਰ ਦੇ ਕੇਸ ਦਾ ਸਾਹਮਣਾ ਕਰ ਰਿਹਾ ਹੈ। ਬੱਚੀ ਨਾਲ ਸਰੀਰਕ ਸ਼ੋਸ਼ਣ ਦੇ ਮਾਮਲੇ ਵਿੱਚ ਚੰਡੀਗੜ੍ਹ ਪੁਲਸ ਉਸ ਦੀ ਮਾਂ ਵੱਲੋਂ ਕੀਤੀ ਸ਼ਿਕਾਇਤ ਦੇ ਆਧਾਰ 'ਤੇ ਜਾਂਚ ਕਰ ਰਹੀ ਹੈ, ਜਦ ਕਿ ਪੀੜਤ ਬੱਚੀ ਦੀ ਮਾਂ ਦਾ ਦੋਸ਼ ਹੈ ਕਿ ਪੁਲਸ ਨੇ ਹਾਲੇ ਤੱਕ ਪਾਦਰੀ ਦਾ ਦਬਾਅ ਹੋਣ ਦੇ ਚਲਦੇ ਸ਼ਿਕਾਇਤ ਦੇ ਤਿੰਨ ਮਹੀਨੇ ਬਾਅਦ ਵੀ ਪਾਦਰੀ ਖਿਲਾਫ ਜ਼ੀਰੋ ਡੀ ਡੀ ਆਰ ਤੱਕ ਵੀ ਦਰਜ ਨਹੀਂ ਕੀਤੀ। ਪੀੜਤਾ ਦੀ ਮਾਂ ਨੇ ਦੱਸਿਆ ਕਿ ਪਾਦਰੀ ਬਜਿੰਦਰ ਸਿੰਘ ਉਨ੍ਹਾਂ ਨੂੰ ਆਪਣੀ ਬੱਚੀ ਨਾਲ ਵਿਦੇਸ਼ ਵਿੱਚ ਇੱਕ ਇੰਟਰਨੈਸ਼ਨਲ ਕਾਨਫਰੰਸ 'ਚ ਸ਼ਾਮਲ ਕਰਵਾਉਣ ਲਈ ਆਪਣੇ ਨਾਲ ਲੈ ਕੇ ਗਿਆ ਸੀ, ਪਰ ਉਥੇ ਜਾ ਕੇ ਪਾਦਰੀ ਨੇ ਇੱਕ ਔਰਤ ਨਾਲ ਮਿਲ ਕੇ ਉਨ੍ਹਾਂ ਦੀ ਬੱਚੀ ਦਾ ਸਰੀਰਕ ਸ਼ੋਸ਼ਣ ਕੀਤਾ ਸੀ, ਜਿਸ ਦਾ ਖੁਲਾਸਾ ਉਨ੍ਹਾਂ ਨੂੰ ਭਾਰਤ ਵਾਪਸ ਆਉਣ ਤੋਂ ਬਾਅਦ ਹੋਇਆ ਤੇ ਬੱਚੀ ਦਾ ਮੈਡੀਕਲ ਕਰਵਾਉਣ ਤੋਂ ਬਾਅਦ ਉਨ੍ਹਾਂ ਨੇ ਪਾਦਰੀ ਸਮੇਤ ਔਰਤ ਖਿਲਾਫ ਚੰਡੀਗੜ੍ਹ ਪੁਲਸ ਨੂੰ ਸ਼ਿਕਾਇਤ ਦਰਜ ਕਰਾਈ ਸੀ। ਪਰ ਪੁਲਸ ਨੇ ਹਾਲੇ ਤੱਕ ਸਬੰਧਤ ਮਾਮਲੇ ਵਿੱਚ ਕੋਈ ਕੇਸ ਦਰਜ ਨਹੀਂ ਕੀਤਾ।

ਦੂਜੇ ਪਾਸੇ ਪਾਦਰੀ ਬਜਿੰਦਰ ਸਿੰਘ ਨੇ ਪੀੜਤ ਬੱਚੀ ਦੀ ਮਾਂ ਵੱਲੋਂ ਲਾਏ ਦੋਸ਼ਾਂ ਨੂੰ ਸਿਰੇ ਤੋਂ ਨਕਾਰਦੇ ਹੋਏ ਕਿਹਾ ਕਿ ਬੱਚੀ ਨੂੰ ਮੋਹਰਾ ਬਣਾਇਆ ਜਾ ਰਿਹਾ ਹੈ ਤੇ ਇਹ ਸਾਰੇ ਦੋਸ਼ ਝੂਠੇ ਤੇ ਬੇਬੁਨਿਆਦ ਹਨ।

# ਥਾਣੇ ਅੱਗੇ ਧਰਨਾ ਦੇਣ ਵਾਲੀ ਮਹਿਲਾ ਦੇ ਖਿਲਾਫ ਕੇਸ ਦਰਜ



ਪਟਿਆਲਾ, 8 ਅਕਤੂਬਰ (ਪੋਸਟ ਬਿਊਰੋ)- ਆਪਣੇ ਸਹੁਰੇ ਪਰਵਾਰ ਦੇ ਡਰਾਈਵਰ ਖਿਲਾਫ ਛੇੜਛਾੜ ਦੇ ਦੋਸ਼ਾਂ ਤਹਿਤ ਦਿੱਤੀ ਦਰਖਾਸਤ ਬਾਰੇ ਪੁਲਸ ਵੱਲੋਂ ਕਾਰਵਾਈ ਨਾ ਕੀਤੇ ਜਾਣ ਦੇ ਦੋਸ਼ ਲਾਉਂਦਿਆਂ ਦੋ ਦਿਨ ਪਹਿਲਾਂ ਥਾਣਾ ਲਾਹੌਰੀ ਗੇਟ ਦੇ ਬਾਹਰ ਰਾਤ ਭਰ ਧਰਨਾ ਦੇਣ ਵਾਲੀ ਮਹਿਲਾ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਇਸ ਕੇਸ ਉਸ ਦੇ ਪਤੀ ਨਾਲ ਚੱਲਦੇ ਕੇਸ ਵਿੱਚ ਮਹਿਲਾ ਦੇ ਖਿਲਾਫ ਗਵਾਹ ਵਜੋਂ ਸ਼ਾਮਲ ਸਹੁਰੇ ਪਰਵਾਰ ਦੇ ਉਕਤ ਡਰਾਈਵਰ ਨੂੰ ਧਮਕਾਉਣ ਅਤੇ ਕੁੱਟਮਾਰ ਕਰਨ ਦੇ ਦੋਸ਼ਾਂ 'ਤੇ ਆਧਾਰਿਤ ਹੈ। ਪੁਲਸ ਦਾ ਕਹਿਣਾ ਹੈ ਕਿ ਇਸੇ ਡਰਾਈਵਰ ਦੇ ਖਿਲਾਫ ਇਸ ਮਹਿਲਾ ਵੱਲੋਂ ਦਿੱਤੀ ਦਰਖਾਸਤ ਜਾਂਚ ਦੌਰਾਨ ਝੂਠੀ ਪਾਈ ਗਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਅਮਨਪ੍ਰੀਤ ਕੌਰ ਦੇ ਖਿਲਾਫ ਸ਼ਿਕਾਇਤ ਕਰਤਾ ਨੇ ਕਿਹਾ ਕਿ ਉਸ ਦੇ ਆਪਣੇ ਪਤੀ ਨਾਲ ਚੱਲਦੇ ਤਲਾਕ ਦੇ ਅਦਾਲਤੀ ਕੇਸ ਉਹ ਗਵਾਹ ਵਜੋਂ ਬਿਆਨ ਦੇਣ ਗਿਆ ਤਾਂ ਅਮਨਪ੍ਰੀਤ ਕੌਰ ਨੇ ਉਸ ਨੂੰ ਘੇਰ ਕੇ ਧਮਕਾਇਆ ਅਤੇ ਕੁੱਟਮਾਰ ਵੀ ਕੀਤੀ ਸੀ। ਇਸ ਤਰ੍ਹਾਂ ਅਮਨਪ੍ਰੀਤ ਕੌਰ ਦੇ ਖਿਲਾਫ ਥਾਣਾ ਲਾਹੌਰੀ ਗੇਟ 'ਚ ਕੇਸ ਦਰਜ ਕੀਤਾ ਗਿਆ ਹੈ। ਡੀ ਐਸ ਪੀ ਸਿਟੀ-1 ਯੋਗੇਸ਼ ਸ਼ਰਮਾ ਨੇ ਕੇਸ ਦਰਜ ਹੋਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਛੇੜਛਾੜ ਦੇ ਦੋਸ਼ਾਂ ਤਹਿਤ ਮਹਿਲਾ ਵੱਲੋਂ ਦਿੱਤੀ ਦਰਖਾਸਤ ਮੁੱਢਲੀ ਜਾਂਚ ਦੌਰਾਨ ਝੂਠੀ ਨਿਕਲੀ ਹੈ। ਪੁਲਸ ਨੇ ਦੱਸੇ ਗਏ ਘਟਨਾ ਸਥਾਨ ਦੇ ਸੀ ਸੀ ਟੀ ਵੀ ਕੈਮਰੇ ਦੀ ਫੁਟੇਜ ਵੀ ਦੇਖੀ ਗਈ ਹੈ ਪਰ ਅਜਿਹਾ ਮਾਮਲਾ ਸਾਹਮਣੇ ਨਹੀਂ ਆਇਆ।

# ਐਮ ਪੀ ਔਜਲਾ ਨੇ ਯੂਨੀਵਰਸਿਟੀ ਬਾਰੇ ਨਵਾਂ ਵਿਵਾਦ ਛੇੜ ਦਿੱਤਾ

ਅੰਮ੍ਰਿਤਸਰ, 8 ਅਕਤੂਬਰ (ਪੋਸਟ ਬਿਊਰੋ)- ਮਨੁੱਖੀ ਸਰੋਤ ਵਿਕਾਸ ਮੰਤਰੀ ਰਮੇਸ਼ ਪੋਖਰਿਆਲ ਨਿਸ਼ੰਕ ਦੀ ਆਮਦ ਮੌਕੇ ਕਾਂਗਰਸੀ ਪਾਰਲੀਮੈਂਟ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ 'ਕੇਂਦਰੀ ਯੂਨੀਵਰਸਿਟੀ' ਦਾ ਦਰਜ ਦੇਣ ਦੀ ਮੰਗ ਰੱਖ ਕੇ ਨਵਾਂ ਵਿਵਾਦ ਛੇੜ ਦਿੱਤਾ ਹੈ। ਇਸ ਤੋਂ ਪਹਿਲਾਂ ਸੂਬਾਈ ਵਿਦਿਅਕ ਅਦਾਰਿਆਂ ਨੂੰ ਕੇਂਦਰੀ ਹੱਥਾਂ ਵਿੱਚ ਸੌਂਪਣ ਦਾ ਵਿਰੋਧ ਹੋ ਚੁੱਕਾ ਹੈ।

ਕੇਂਦਰੀ ਮੰਤਰੀ ਰਮੇਸ਼ ਪੋਖਰਿਆਲ ਨਿਸ਼ੰਕ ਇਥੇ ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ (ਆਈ ਆਈ ਐਮ) ਦੇ ਕੈਂਪਸ ਦੀ ਉਸਾਰੂ ਲਈ ਭੂਮੀ ਪੂਜਨ ਅਤੇ ਉਸਾਰੀ ਦਾ ਕੰਮ ਸ਼ੁਰੂ ਕਰਾਉਣ ਆਏ ਹੋਏ ਸਨ। ਮਾਨਾਂਵਾਲਾ ਨੇੜੇ ਆਈ ਆਈ ਐਮ ਕੈਂਪਸ ਦੀ ਉਸਾਰੀ ਲਈ ਰੱਖੇ ਸਮਾਗਮ ਨੂੰ ਸੰਬੋਧਨ ਕਰਦਿਆਂ ਗੁਰਜੀਤ ਸਿੰਘ ਔਜਲਾ ਨੇ ਕਿਹਾ, 'ਗੁਰੂ ਨਾਨਕ ਦੇਵ ਜੀ ਦੇ 500ਵੇਂ ਪ੍ਰਕਾਸ਼ ਪੁਰਬ ਮੌਕੇ ਪੰਜਾਬ ਸਰਕਾਰ ਵਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਣਾਈ ਗਈ ਸੀ ਤੇ ਅੱਜ 500ਵੇਂ ਪ੍ਰਕਾਸ਼ ਮੌਕੇ ਕੇਂਦਰ ਸਰਕਾਰ ਪੰਜਾਬੀਆਂ ਨੂੰ ਤੋਹਫਾ ਦੇ ਕੇ ਇਸ ਨੂੰ ਸੈਂਟਰਲ ਯੂਨੀਵਰਸਿਟੀ ਦਾ ਦਰਜਾ ਦੇਵੇ। ਇਹ ਰਾਜ ਦੀ ਤਰੱਕੀ ਲਈ ਲਾਹੇਵੰਦ ਸਾਬਿਤ ਹੋਵੇਗੀ।" ਉਨ੍ਹਾਂ ਬਿਨ੍ਹਾਂ ਕਿਸੇ ਦਾ ਜ਼ਿਕਰ ਕੀਤੇ ਕਿਹਾ ਕਿ ਪਹਿਲਾਂ ਵੀ ਅੰਮ੍ਰਿਤਸਰ ਵਾਸਤੇ ਸੈਂਟਰਲ ਯੂਨੀਵਰਸਿਟੀ ਦਾ ਐਲਾਨ ਹੋਇਆ ਸੀ ਪਰ ਕਿਸੇ ਕਾਰਨ ਬਣ ਨਹੀਂ ਸਕੀ।

ਵਰਨਣ ਯੋਗ ਹੈ ਕਿ ਕੁਝ ਵਰ੍ਹੇ ਪਹਿਲਾਂ ਪੰਜਾਬ ਯੂਨੀਵਰਸਿਟੀ ਨੂੰ ਵੀ ਸੈਂਟਰਲ ਯੂਨਾਵਰਸਿਟੀ ਦਾ ਦਰਜਾ ਦੇਣ ਦੀ ਮੰਗ ਉਠੀ ਸੀ, ਜਿਸ ਦਾ ਸਰਕਾਰ ਅਤੇ ਅਮਲੇ ਨੇ ਵੀ ਸਮਰਥਨ ਕੀਤਾ ਸੀ, ਪਰ ਸੂਬੇ ਦੇ ਲੋਕਾਂ ਨੇ ਇਸ ਦਾ ਸਖਤ ਵਿਰੋਧ ਕੀਤਾ ਸੀ। ਗੁਰਜੀਤ ਸਿੰਘ ਔਜਲਾ ਦੀ ਇਸ ਮੰਗ ਪਿੱਛੇ ਪੰਜਾਬ ਸਰਕਾਰ ਦਾ ਸਮਰਥਨ ਹੈ ਜਾਂ ਨਹੀਂ, ਫਿਲਹਾਲ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ।

ਮਾਨਾਂਵਾਲਾ 'ਚ ਚਾਰ ਸਾਲ ਪਹਿਲਾਂ ਆਈ ਆਈ ਐਮ ਦਾ ਭੂਮੀ ਪੂਜਨ ਕੀਤਾ ਗਿਆ ਸੀ ਤੇ ਸਾਬਕਾ ਵਿੱਤ ਮੰਤਰੀ ਮਰਹੂਮ ਅਰੁਣ ਜੇਤਲੀ ਨੇ ਇਮਾਰਤ ਦਾ ਨੀਂਹ ਪੱਥਰ ਰੱਖਿਆ ਸੀ। ਕੈਂਪਸ ਵਾਸਤੇ ਲੋੜੀਂਦੀ ਸਿਰਫ ਇੱਕ ਏਕੜ ਜ਼ਮੀਨ ਨਾ ਮਿਲਣ ਕਾਰਨ ਇਸ ਦਾ ਕੰਮ ਰੁਕਿਆ ਹੋਇਆ ਸੀ। ਕੇਂਦਰੀ ਮੰਤਰੀ ਰਮੇਸ਼ ਪੋਖਰਿਆਲ ਨੇ ਕੱਲ੍ਹ ਭੂਮੀ ਪੂਜਨ ਮਗਰੋਂ ਨੀਂਹ ਦੀਆਂ ਇੱਟਾਂ ਰੱਖ ਕੇ ਉਸਾਰੀ ਦੇ ਕੰਮ ਦੀ ਰਸਮੀ ਸ਼ੁਰੂਆਤ ਕਰ ਦਿੱਤੀ। ਇਸ ਮੌਕੇ ਸੰਬੋਧਨ ਕਰਦੇ ਹੋਏ ਉਨ੍ਹਾਂ ਨੇ ਪਹਿਲਾਂ ਰੱਖੇ ਨੀਂਹ ਪੱਥਰ ਦਾ ਵੀ ਜ਼ਿਕਰ ਕੀਤਾ ਅਤੇ ਕੰਮ ਨਾ ਸ਼ੁਰੂ ਹੋਣ ਦਾ ਕਾਰਨ ਵੀ ਦੱਸਿਆ। ਉਨ੍ਹਾਂ ਕਿਹਾ ਕਿ ਆਈ ਆਈ ਐਮ ਦੇ ਕੈਂਪਸ ਦੀ ਉਸਾਰੀ ਦੇ ਪਹਿਲੇ ਪੜਾਅ ਲਈ 350 ਕਰੋੜ ਰੁਪਏ ਜਾਰੀ ਕਰ ਦਿੱਤੇ ਗਏ ਹਨ ਅਤੇ ਅਗਲੇ ਪੜਾਅ ਲਈ 250 ਕਰੋੜ ਰੁਪਏ ਦੀ ਰਕਮ ਲੋੜ ਅਨੁਸਾਰ ਜਾਰੀ ਹੋ ਜਾਵੇਗੀ। ਇਥੇ 600 ਵਿਦਿਆਰਥੀਆਂ ਲਈ ਘਰ, 90 ਕਰਮਚਾਰੀਆਂ ਲਈ ਰਿਹਾਇਸ਼,ਹਸਪਤਾਲ, ਬੈਂਕ ਆਦਿ ਦੀ ਵਿਵਸਥਾ ਹੋਵੇਗੀ। ਕੈਂਪਸ 'ਚ 600 ਵਿਅਕਤੀਆਂ ਦੇ ਬੈਠਣ ਦੀ ਸਮਰਥਾ ਵਾਲਾ ਆਡੀਟੋਰੀਅਮ ਵੀ ਬਣਾਇਆ ਜਾਵੇਗਾ।

# ਸਿੱਖ ਬੱਚਿਆਂ ਨੂੰ ਪੇਪਰ ਦੇਣ ਤੋਂ ਰੋਕਣ ਦੀ ਜਾਂਚ ਹੋ ਰਹੀ ਹੈ: ਜੈਰਾਮ ਠਾਕੁਰ



ਸ੍ਰੀ ਆਨੰਦਪੁਰ ਸਾਹਿਬ, 8 ਅਕਤੂਬਰ (ਪੋਸਟ ਬਿਊਰੋ)- ਗੁਰਸਿੱਖ ਨੌਜਵਾਨਾਂ ਨੂੰ ਹਿਮਾਚਲ ਪ੍ਰਦੇਸ਼ ਪੁਲਸ ਦੀ ਭਰਤੀ ਵੇਲੇ ਅਧਿਕਾਰੀਆਂ ਵੱਲੋਂ ਪੇਪਰ ਦੇਣ ਤੋਂ ਰੋਕਣ ਦੀ ਉੱਚ ਪੱਧਰੀ ਇਨਕੁਆਰੀ ਜਾਂਚ ਜਾ ਰਹੀ ਹੈ, ਇਸ ਉਪਰੰਤ ਦੋਸ਼ੀ ਪਾਏ ਜਾਣ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਇਹ ਗੱਲ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਜੈਰਾਮ ਠਾਕੁਰ ਨੇ ਕੱਲ੍ਹ ਸ੍ਰੀ ਆਨੰਦਪੁਰ ਸਾਹਿਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਹੀ ਹੈ।

ਖਾਲਸੇ ਦੇ ਜਨਮ ਅਸਥਾਨ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਦਰਸ਼ਨ ਕਰਨ ਪੁੱਜੇ ਜੈਰਾਮ ਠਾਕੁਰ ਨੇ ਕਿਹਾ ਕਿ ਸਿੱਖ ਧਰਮ ਵਿੱਚ ਸਾਡੀ ਪੂਰੀ ਸ਼ਰਧਾ ਹੈ ਤੇ ਹਿਮਾਚਲ ਪ੍ਰਦੇਸ਼ ਸਰਕਾਰ ਨੇ ਗੁਰਸਿੱਖ ਨੌਜਵਾਨਾਂ ਨੂੰ ਭਰਤੀ ਵੇਲੇ ਪੇਪਰ ਦੇਣ ਤੋਂ ਰੋਕਣ ਦਾ ਕੋਈ ਆਦੇਸ਼ ਨਹੀਂ ਸੀ ਦਿੱਤਾ। ਵਰਨਣ ਯੋਗ ਹੈ ਕਿ ਬੀਤੀ ਅੱਠ ਸਤੰਬਰ ਨੂੰ ਹਿਮਾਚਲ ਪ੍ਰਦੇਸ਼ ਦੇ ਸੋਲਨ ਸ਼ਹਿਰ ਵਿੱਚ ਹਿਮਾਚਲ ਪ੍ਰਦੇਸ਼ ਪੁਲਸ ਦੀ ਭਰਤੀ ਦਾ ਪੇਪਰ ਹੋਣਾ ਸੀ, ਜਿਸ ਵਿੱਚ ਕੁਝ ਗੁਰਸਿੱਖ ਨੌਜਵਾਨ ਵੀ ਪੇਪਰ ਦੇਣ ਪੁੱਜੇ ਹੋਏ ਸਨ, ਪਰ ਉਥੇ ਮੌਜੂਦ ਅਧਿਕਾਰੀਆਂ ਨੇ ਉਨ੍ਹਾਂ ਨੌਜਵਾਨਾਂ ਨੂੰ ਆਪਣੇ ਕੱਕਾਰ ਲਾਹੁਣ ਨੂੰ ਆਖਿਆ ਤਾਂ ਉਨ੍ਹਾਂ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਪੇਪਰ ਦੇਣ ਤੋਂ ਰਹਿ ਗਏ।

ਹਿਮਾਚਲ ਪ੍ਰਦੇਸ਼ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਦਲਜੀਤ ਸਿੰਘ ਭਿੰਡਰ ਨੇ ਇਸ ਮਸਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਮੁੱਖ ਮੰਤਰੀ ਜੈਰਾਮ ਠਾਕੁਰ ਦੇ ਧਿਆਨ ਵਿੱਚ ਲਿਖਤੀ ਤੌਰ 'ਤੇ ਲਿਆਂਦਾ ਤਾਂ ਮੁੱਖ ਮੰਤਰੀ ਨੇ ਇਸ ਦੀ ਜਾਂਚ ਦੇ ਹੁਕਮ ਜਾਰੀ ਕੀਤੇ ਸਨ। ਇਸ ਮੌਕੇ ਆਨੰਦਪੁਰ ਸਾਹਿਬ-ਨੈਣਾ ਦੇਵੀ ਰੋਪਵੇਅ ਬਾਰੇ ਮੁੱਖ ਮੰਤਰੀ ਠਾਕੁਰ ਨੇ ਦੱਸਿਆ ਕਿ ਹਿਮਾਚਲ ਪ੍ਰਦੇਸ਼ ਅਤੇ ਪੰਜਾਬੇ ਸਰਕਾਰ ਵੱਲੋਂ ਇਸ 'ਤੇ ਤੇਜ਼ੀ ਨਾਲ ਕੰਮ ਕੀਤਾ ਜਾ ਰਿਹਾ ਹੈ ਤੇ ਆਸ ਹੈ ਕਿ ਇਸ ਦਾ ਕੰਮ ਬਹੁਤ ਜਲਦੀ ਹੀ ਸ਼ੁਰੂ ਹੋ ਜਾਵੇਗਾ।

# ਡੇਰਾ ਬਿਆਸ ਵਿਰੁੱਧ ਧਰਨਾ ਲਾਉਣ ਵਾਲੇ ਪੁਲਸ ਨੇ ਚੁੱਕੇ



ਰਈਆ, 8 ਅਕਤੂਬਰ (ਪੋਸਟ ਬਿਊਰੋ)- ਡੇਰਾ ਰਾਧਾ ਸੁਆਮੀ ਬਿਆਸ ਦੇ ਖਿਲਾਫ ਸ਼ਾਂਤਮਈ ਧਰਨੇ ਉਤੇ ਬੈਠੇ ਲੋਕ ਭਲਾਈ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਬਲਦੇਵ ਸਿੰਘ ਸਿਰਸਾ ਅਤੇ ਉਸ ਦੇ ਸਾਥੀਆਂ ਨੂੰ ਬਿਆਸ ਪੁਲਸ ਕੱਲ੍ਹ ਰਾਤ ਧਰਨੇ ਵਾਲੀ ਜਗ੍ਹਾ ਤੋਂ ਚੁੱਕ ਕੇ ਅਣਦੱਸੀ ਥਾਂ ਲੈ ਗਈ ਅਤੇ ਦਰੀਆਂ ਵੀ ਨਾਲ ਲੈ ਗਈ। ਧਰਨਾਕਾਰੀਆਂ ਦੇ ਵਾਹਨ ਅਤੇ ਪਾਣੀ ਵਾਲੀ ਟੈਂਕੀ ਖੜ੍ਹੀ ਰਹਿਣ ਦਿੱਤੀ ਗਈ ਜਿਸ ਦੀ ਰਾਖੀ ਲਈ ਪੁਲਸ ਮੁਲਾਜ਼ਮ ਤਾਇਨਾਤ ਹਨ।

ਡੀ ਐਸ ਪੀ ਬਾਬਾ ਬਕਾਲਾ ਹਰਕਿਸ਼ਨ ਸਿੰਘ ਨੇ ਦੱਸਿਆ ਕਿ ਲੜਾਈ ਦੇ ਖਤਰੇ ਨੂੰ ਦੇਖਦਿਆਂ ਧਰਨਾਕਾਰੀਆਂ 'ਤੇ ਮੁਕੱਦਮਾ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਵਰਨਣ ਯੋਗ ਹੈ ਕਿ ਡੇਰਾ ਰਾਧਾ ਸੁਆਮੀ ਬਿਆਸ ਤੋਂ ਪੀੜਤ ਕਿਸਾਨਾਂ ਨੇ 'ਲੋਕ ਭਲਾਈ ਇਨਸਾਫ ਵੈਲਫੇਅਰ ਸੁਸਾਇਟੀ' ਦੇ ਪ੍ਰਧਾਨ ਬਲਦੇਵ ਸਿੰਘ ਸਿਰਸਾ ਦੀ ਅਗਵਾਈ ਹੇਠ ਜਲੰਧਰ-ਅੰਮ੍ਰਿਤਸਰ ਹਾਈਵੇ ਦੇ ਫਲਾਈਓਵਰ ਹੇਠਾਂ ਲਾਏ ਧਰਨੇ ਦਾ ਕੱਲ੍ਹ 26ਵੇਂ ਦਿਨ ਸੀ। ਪਹਿਲਾਂ ਸਿਵਲ ਅਤੇ ਪੁਲਸ ਅਧਿਕਾਰੀਆਂ ਅਤੇ ਧਰਨਾਕਾਰੀਆਂ ਦੀ ਗੱਲਬਾਤ ਬੇਸਿੱਟਾ ਰਹੀ ਸੀ।

ਮਿਲੀ ਜਾਣਕਾਰੀ ਅਨੁਸਾਰ ਧਰਨਾਕਾਰੀਆਂ ਦੀਆਂ ਮੰਗਾਂ ਬਾਰੇ ਪ੍ਰਸ਼ਾਸਨ ਵੱਲੋਂ ਧਾਰੀ ਚੁੱਪ ਤੋਂ ਅੱਕੇ ਕਿਸਾਨਾਂ ਨੇ ਕੱਲ੍ਹ ਡੇਰਾ ਮੁਖੀ ਗੁਰਿੰਦਰ ਸਿੰਘ ਦਾ ਪੁਤਲਾ ਫੂਕਣ ਦੀ ਧਮਕੀ ਦਿੱਤੀ ਸੀ। ਪੁਲਸ ਨੇ ਤੜਕੇ ਤੋਂ ਹੀ ਧਰਨਾ ਸਥਾਨ ਨੇੜੇ ਵੱਡੀ ਗਿਣਤੀ 'ਚ ਪੁਲਸ ਫੋਰਸ ਤਾਇਨਾਤ ਕਰ ਦਿੱਤੀ ਸੀ। ਫਿਰ ਧਰਨਾਕਾਰੀਆਂ ਨਾਲ ਗੱਲਬਾਤ ਲਈ ਤਹਿਸੀਲਦਾਰ ਬਾਬਾ ਬਕਾਲਾ ਮਨਜੀਤ ਸਿੰਘ ਅਤੇ ਡੀ ਐਸ ਪੀ ਹਰਕ੍ਰਿਸ਼ਨ ਸਿੰਘ ਗਏ ਅਤੇ ਪੁਤਲਾ ਫੂਕਣ ਦਾ ਪ੍ਰੋਗਰਾਮ ਰੱਦ ਕਰਨ ਦੇ ਲਈ ਉਨ੍ਹਾਂ ਨੂੰ ਮਨਾਉਣ ਦੇ ਯਤਨ ਕੀਤੇ। ਬਾਅਦ ਦੁਪਹਿਰ ਐਸ ਡੀ ਐਮ ਬਾਬਾ ਬਕਾਲਾ ਸੁਮਿਤ ਮੁੱਦ ਗੱਲਬਾਤ ਕਰਨ ਲਈ ਸਰਪੰਚ ਗਰਾਮ ਪੰਚਾਇਤ ਬਿਆਸ ਦੇ ਦਫਤਰ ਪਹੁੰਚੇ। ਇਸ ਮੌਕੇ ਬਲਦੇਵ ਸਿੰਘ ਸਿਰਸਾ ਨੇ ਇੱਕੋ ਮੰਗ ਰੱਖੀ ਕਿ 20 ਜੁਲਾਈ 2019 ਨੂੰ ਹੋਏ ਲਿਖਤੀ ਫੈਸਲੇ ਮੌਕੇ ਸ਼ਾਮਲ ਅਧਿਕਾਰੀਆਂ ਨੂੰ ਗੱਲਬਾਤ ਵਿੱਚ ਸ਼ਾਮਲ ਕੀਤਾ ਜਾਵੇ। ਕਰੀਬ ਇੱਕ ਘੰਟਾ ਚੱਲੀ ਮੀਟਿੰਗ ਵਿੱਚ ਅਧਿਕਾਰੀ ਧਰਨਾ ਚੁੱਕਣ ਲਈ ਬਲਦੇਵ ਸਿੰਘ ਸਿਰਸਾ ਨੂੰ ਮਜਬੂਰ ਕਰਦੇ ਰਹੇ, ਪਰ ਉਹ ਇਸੇ ਮੰਗ 'ਤੇ ਅੜੇ ਰਹੇ ਕਿ ਪਹਿਲਾਂ ਵਿਵਾਦਤ ਜ਼ਮੀਨ ਦੀ ਨਿਸ਼ਾਨਦੇਹੀ ਕਰਵਾ ਕੇ ਜ਼ਮੀਨਾਂ ਅਸਲ ਮਾਲਕਾਂ ਹਵਾਲੇ ਕੀਤੀਆਂ ਜਾਣ। ਅਧਿਕਾਰੀਆਂ ਦੀ ਅੜੀ ਤੋਂ ਅੱਕ ਕੇ ਉਹ ਗੱਲਬਾਤ ਛੱਡ ਕੇ ਵਾਪਸ ਚਲੇ ਗਏ। ਸਿਰਸਾ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਗੱਲਬਾਤ ਕਰਦੇ ਅਧਿਕਾਰੀਆਂ ਦਾ ਵਤੀਰਾ ਇੱਕ ਤਰਫਾ ਸੀ, ਉਹ ਸਿਰਫ ਧਰਨਾ ਚੁੱਕਣ ਲਈ ਕਹਿੰਦੇ ਸਨ। ਉਨ੍ਹਾਂ ਡੀ ਐਸ ਪੀ ਹਰਕ੍ਰਿਸ਼ਨ ਸਿੰਘ ਉੱਤੇ ਦੋਸ਼ ਲਾਇਆ ਕਿ ਉਨ੍ਹਾਂ ਧਮਕੀ ਦਿੱਤੀ ਕਿ 'ਧਰਨਾ ਚੁੱਕ ਲੈ, ਚੰਗਾ ਰਹੇਗਾ'। ਉਨ੍ਹਾਂ ਕਿਹਾ ਕਿ ਡੀ ਐਸ ਪੀ ਪਹਿਲਾਂ ਵੀ ਉਨ੍ਹਾਂ ਨੂੰ ਕਈ ਵਾਰ ਧਮਕੀਆਂ ਦੇ ਚੁੱਕਾ ਹੈ ਜਿਸ ਦੀ ਉਚ ਪੁਲਸ ਅਧਿਕਾਰੀਆਂ ਕੋਲ ਲਿਖਤੀ ਸ਼ਿਕਾਇਤ ਭੇਜੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਜੇ ਉਨ੍ਹਾਂ ਦਾ ਨੁਕਸਾਨ ਹੁੰਦਾ ਹੈ ਤਾਂ ਇਸ ਦਾ ਜ਼ਿੰਮੇਵਾਰ ਡੀ ਐਸ ਪੀ ਬਾਬਾ ਬਕਾਲਾ ਹੋਵੇਗਾ।

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment
(416) 970-5005
Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348



## ਮਹਾਰਾਸ਼ਟਰ ਵਿੱਚ ਭਾਜਪਾ ਕੌਂਸਲਰ ਤੇ ਪਰਿਵਾਰ ਦੇ ਚਾਰ ਮੈਂਬਰਾਂ ਦੀ ਹੱਤਿਆ



ਮੁੰਬਈ, 8 ਅਕਤੂਬਰ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਜਲਗਾਓਂ ਜ਼ਿਲੇ 'ਚ ਤਿੰਨ ਬੰਦੂਕਧਾਰੀਆਂ ਨੇ ਭਾਜਪਾ ਦੇ ਇੱਕ ਕੌਂਸਲਰ ਅਤੇ ਉਸ ਦੇ ਚਾਰ ਪਰਵਾਰਕ ਮੈਂਬਰਾਂ ਦੀ ਐਤਵਾਰ ਦੇਰ ਰਾਤ ਦੇਰ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਹੈ, ਜਿਸ ਦੀ ਪੁਲਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਪੁਲਸ ਸੂਤਰਾਂ ਮੁਤਾਬਕ 55 ਸਾਲਾ ਕੌਂਸਲਰ ਰਵਿੰਦਰ ਅਤੇ ਉਨ੍ਹਾਂ ਦੇ ਪਰਵਾਰ ਦੇ ਚਾਰ ਮੈਂਬਰਾਂ 'ਤੇ ਬੰਦੂਕਬਾਜ਼ਾਂ ਨੇ ਹਮਲਾ ਕੀਤਾ। ਉਨ੍ਹਾਂ ਕੋਲ ਦੇਸੀ ਪਿਸਤੌਲ ਸਨ ਅਤੇ ਉਹ ਰਵਿੰਦਰ ਦੇ ਘਰ ਜਬਰੀ ਦਾਖਲ ਹੋਏ ਤੇ ਅੰਨ੍ਹੇਵਾਹ ਗੋਲੀਆਂ ਚਲਾਉਣ ਲੱਗ ਪਏ। ਮ੍ਰਿਤਕਾਂ ਵਿੱਚ ਰਵਿੰਦਰ ਦਾ ਵੱਡਾ ਭਰਾ ਸੁਨੀਲ (56) ਪੁੱਤਰ ਪ੍ਰੇਮ ਸਾਗਰ (26), ਪੁੱਤਰ ਰੋਹਿਤ (25), ਸ਼ਾਮਲ ਹਨ। ਪੰਜਵੇਂ ਮ੍ਰਿਤਕ ਦੀ ਪਛਾਣ ਗਜਾਰੇ ਵਜੋਂ ਹੋਈ ਹੈ, ਜਿਸ ਬਾਰੇ ਇਹ ਪਤਾ ਨਹੀਂ ਲੱਗ ਸਕਿਆ ਕਿ ਉਸ ਦਾ ਕੌਂਸਲਰ ਨਾਲ ਕੀ ਰਿਸ਼ਤਾ ਸੀ। ਕੌਂਸਲਰ ਦੇ ਪਰਵਾਰਕ ਮੈਂਬਰਾਂ ਦੀ ਹੱਤਿਆ ਕਿਉਂ ਕੀਤੀ ਗਈ, ਸੰਬੰਧੀ ਪੁਲਸ ਵੱਲੋਂ ਪਤਾ ਲਾਇਆ ਜਾ ਰਿਹਾ ਹੈ। ਕੁਝ ਸ਼ੱਕੀ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।

# ਮੋਦੀ-ਜਿਨਪਿੰਗ ਗੱਲਬਾਤ ਬਾਰੇ ਰਸਮੀ ਚੁੱਪ, ਪਰ ਵਿੱਚੋਂ ਤਿਆਰੀ ਪੂਰੀ

ਨਵੀਂ ਦਿੱਲੀ, 8 ਅਕਤੂਬਰ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਵਿਚਾਲੇ ਹੋਣ ਵਾਲੀ ਦੂਜੀ ਗੈਰ ਰਸਮੀ ਗੱਲਬਾਤ ਬਾਰੇ ਹਾਲੇ ਤੱਕ ਦੋਵੇਂ ਦੇਸ਼ਾਂ ਦੇ ਵਿਦੇਸ਼ ਮੰਤਰਾਲਿਆਂ ਨੇ ਚੁੱਪ ਰੱਖੀ ਹੈ। ਕੋਈ ਰਸਮੀ ਬਿਆਨ ਨਹੀਂ ਆਇਆ। ਇਹ ਸ਼ਾਇਦ ਆਪਣੇ ਆਪ 'ਚ ਬਹੁਤ ਦੁਰਲੱਭ ਹੈ ਕਿ ਦੋ ਦੇਸ਼ਾਂ ਦੇ ਪ੍ਰਮੁੱਖ ਨੇਤਾਵਾਂ ਵਿਚਾਲੇ ਮੁਲਾਕਾਤ ਦੀ ਤਿਆਰੀ ਚੱਲ ਰਹੀ ਹੈ ਪਰ ਇਸ ਬਾਰੇ ਬਿਆਨ ਦੇਣ ਤੋਂ ਬਚਿਆ ਗਿਆ ਹੈ।

ਇਸ ਨਾਲ ਕੂਟਨੀਤਕ ਸਰਕਲ 'ਚ ਕਿਆਸਾਂ ਦਾ ਦੌਰ ਵੀ ਚੱਲ ਰਿਹਾ ਹੈ ਤੇ ਕਈ ਵਿਸ਼ਲੇਸ਼ਕ ਇਸ ਨੂੰ ਕਸ਼ਮੀਰ ਮੁੱਦੇ 'ਤੇ ਦੋਵੇਂ ਦੇਸ਼ਾਂ ਵਿਚਾਲੇ ਚੱਲ ਰਹੇ ਤਣਾਅ ਨਾਲ ਵੀ ਜੋੜ ਕੇ ਦੇਖ ਰਹੇ ਹਨ। ਅਪਰੈਲ 2018 ਵਿੱਚ ਜਦੋਂ ਦੋਵਾਂ ਨੇਤਾਵਾਂ ਦੀ



ਇਸ ਤਰ੍ਹਾਂ ਦੀ ਪਹਿਲੀ ਬੈਠਕ ਵੂਹਾਨ (ਚੀਨ) 'ਚ ਤੈਅ ਕੀਤੀ ਗਈ ਸੀ ਉਦੋਂ ਭਾਰਤੀ ਵਿਦੇਸ਼ ਮੰਤਰਾਲੇ ਨੇ ਪੰਜ ਦਿਨ ਪਹਿਲਾਂ ਹੀ ਰਸਮੀ ਬਿਆਨ ਜਾਰੀ ਕਰ ਦਿੱਤਾ ਸੀ। ਅਗਲੀ ਬੈਠਕ ਬਾਰੇ ਜਿਵੇਂ ਤਿਆਰੀਆਂ ਹਨ, ਉਸ ਵਿੱਚ ਕੋਈ ਕਮੀ ਨਹੀਂ ਵਰਤੀ ਜਾ ਰਹੀ। ਵਿਦੇਸ਼ ਮੰਤਰਾਲੇ ਦੇ ਸੂਤਰਾਂ ਮੁਤਾਬਕ ਬੈਠਕ ਆਪਣੇ ਮਿਥੇ ਪ੍ਰੋਗਰਾਮ ਦੇ ਮੁਤਾਬਕ ਹੀ ਹੋਵੇਗੀ। ਭਾਰਤੀ ਵਿਦੇਸ਼ ਮੰਤਰਾਲੇ ਨੇ ਬੀਤੀ ਦਿਨੀ ਨੂੰ ਇਸ ਬੈਠਕ ਦੀ ਕਵਰੇਜ ਲਈ ਮੀਡੀਆ ਰਜਿਸਟ੍ਰੇਸ਼ਨ ਦੀ ਸ਼ੁਰੂਆਤ ਵੀ ਕਰ ਦਿੱਤੀ ਸੀ, ਜਦ ਕਿ ਨਵੀਂ ਦਿੱਲੀ 'ਚ ਚੀਨ ਦੇ ਰਾਜਦੂਤ ਸੁਨ ਵੀਡੋਂਗ ਨੇ ਬੀਤੀ ਦਿਨੀ ਇੱਕ ਬੜੇ ਹੀ ਡੂੰਘੇ ਮਾਇਨੇ ਵਾਲਾ ਟਵੀਟ ਕੀਤਾ ਸੀ। ਉਨ੍ਹਾਂ ਲਿਖਿਆ, 'ਸਾਡੇ ਨੇਤਾਵਾਂ ਦੇ ਰਣਨੀਤਕ ਦਿਸ਼ਾ ਨਿਰਦੇਸ਼ ਦੇ ਮੁਤਾਬਕ ਇਨ੍ਹਾਂ ਦਿਨਾਂ 'ਚ ਭਾਰਤ ਤੇ ਚੀਨ ਦੇ ਰਿਸ਼ਤਿਆਂ 'ਚ ਕਾਫੀ ਤੇਜ਼ੀ ਨਾਲ ਸੁਧਾਰ ਹੋਇਆ ਹੈ। ਸਾਨੂੰ ਭਵਿੱਖ 'ਚ ਵੀ ਵੂਹਾਨ ਵਾਂਗ ਗੈਰ ਰਸਮੀ ਬੈਠਕ ਦੀਆਂ ਸੰਭਾਵਨਾਵਾਂ ਨੂੰ ਅੱਗੇ ਵਧਾਉਣਾ ਚਾਹੀਦਾ ਹੈ, ਨੇਤਾਵਾਂ ਵਿਚਾਲੇ ਬਣੀ ਸਹਿਮਤੀ ਨੂੰ ਦੂਜੇ ਇਲਾਕਿਆਂ 'ਚ ਵੀ ਲਾਗੂ ਕਰਨਾ ਚਾਹੀਦਾ ਹੈ ਤੇ ਮਜ਼ਬੂਤ ਦੋ ਪੱਖੀ ਸਬੰਧਾਂ ਲਈ ਸਕਾਰਾਤਮਕ ਊਰਜਾ ਲਈ ਸਹਿਮਤੀ ਬਣਨੀ ਚਾਹੀਦੀ ਹੈ।' ਯਾਦ ਰਹੇ ਕਿ ਦੋਵਾਂ ਨੇਤਾਵਾਂ ਦੀ ਵੂਹਾਨ ਬੈਠਕ ਤੋਂ ਬਾਅਦ ਜਾਰੀ ਪ੍ਰੈਸ ਬਿਆਨ 'ਚ ਰਣਨੀਤਕ ਦਿਸ਼ਾ ਨਿਰਦੇਸ਼ ਦੀ ਗੱਲ ਕਹੀ ਗਈ ਸੀ ਜਿਹੜੀ ਦੋਵਾਂ ਨੇ ਆਪਣੇ-ਆਪਣੇ ਫੌਜੀ ਦਸਤਿਆਂ ਨੂੰ ਦਿੱਤੀ ਸੀ।

## ਮੋਟਰ ਵਾਹਨ ਕਾਨੂੰਨ:

## ਟਰੈਫਿਕ ਦੀ ਉਲੰਘਣਾ ਲਈ ਆਈ ਪੀ ਸੀ ਦੀ ਧਾਰਾ ਹੇਠ ਪਰਚਾ ਵੀ ਦਰਜ ਹੋ ਸਕਦੈ

ਨਵੀਂ ਦਿੱਲੀ, 8 ਅਕਤੂਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕਿਹਾ ਹੈ ਕਿ ਮੋਟਰ ਵਾਹਨ ਕਾਨੂੰਨ ਹੇਠ ਤੇਜ਼ ਸਪੀਡ ਅਤੇ ਲਾਪਰਵਾਹੀ ਨਾਲ ਵਾਹਨ ਚਲਾਉਣ ਦੇ ਅਪਰਾਧ ਕਰਨ ਵਾਲੇ ਕਿਸੇ ਵਿਅਕਤੀ ਦੇ ਵਿਰੁੱਧ ਇੰਡੀਅਨ ਪੀਨਲ ਕੋਡ (ਆਈ ਪੀ ਸੀ) ਹੇਠ ਵੀ ਕੇਸ ਦਰਜ ਕੀਤਾ ਜਾ ਸਕਦਾ ਹੈ ਕਿਉਂਕਿ ਦੋਵੇਂ ਕਾਨੂੰਨ ਆਪੋ ਆਪਣੇ ਖੇਤਰ ਵਿੱਚ ਆਜ਼ਾਦ ਢੰਗ ਨਾਲ ਕੰਮ ਕਰਦੇ ਹਨ। ਅਦਾਲਤ ਨੇ ਕਿਹਾ, ਤੇਜ਼ੀ ਨਾਲ ਮੋਟਰੀਕਰਨ ਵਧਣ ਨਾਲ ਭਾਰਤ ਸੜਕ ਆਵਾਜਾਈ ਵਿੱਚ ਲੋਕਾਂ ਦੇ ਜ਼ਖਮੀ ਹੋਣ ਅਤੇ ਜਾਨ ਗਵਾਉਣ ਦੇ ਮਾਮਲਿਆਂ ਦਾ ਸਾਹਮਣਾ ਕਰ ਰਿਹਾ ਹੈ।

ਜਸਟਿਸ ਇੰਦੂ ਮਲਹੋਤਰਾ ਅਤੇ ਜਸਟਿਸ ਸੰਜੀਵ ਖੰਨਾ ਦੇ ਬੈਂਚ ਨੇ ਕੱਲ੍ਹ ਗੁਹਾਟੀ ਹਾਈ ਕੋਰਟ ਦੇ 22 ਦਸੰਬਰ 2008 ਦੇ ਹੁਕਮ ਨੂੰ ਰੱਦ ਕਰ ਦਿੱਤਾ। ਹਾਈ ਕੋਰਟ ਨੇ ਕਿਹਾ ਸੀ ਕਿ ਜੇ ਕਿਸੇ ਵਿਅਕਤੀ ਵਿਰੁੱਧ ਮੋਟਰ ਵਾਹਨ ਕਾਨੂੰਨ ਹੇਠ ਤੇਜ਼ ਸਪੀਡ ਨਾਲ ਵਾਹਨ ਚਲਾਉਣ, ਖਤਰਨਾਕ ਤਰੀਕੇ ਨਾਲ ਚਲਾਉਣ ਤੇ ਹੋਰ ਸੰਬੰਧਤ ਅਪਰਾਧਾਂ ਦਾ ਕੇਸ ਦਰਜ ਕੀਤਾ ਗਿਆ ਹੈ ਤਾਂ ਉਸ ਵਿਰੁੱਧ ਆਈ ਪੀ ਸੀ ਦਾ ਕੇਸ ਨਹੀਂ ਚਲਾਇਆ ਜਾ ਸਕਦਾ। ਸੁਪਰੀਮ ਕੋਰਟ ਨੇ ਤਾਜ਼ਾ ਹੁਕਮ ਵਿੱਚ ਕਿਹਾ ਕਿ ਸਾਡੀ ਰਾਇ ਵਿੱਚ ਕਾਨੂੰਨ ਦੀ ਸਥਿਤੀ ਸਾਫ ਹੈ। ਇਸ ਅਦਾਲਤ ਨੇ ਵਾਰ ਵਾਰ ਕਿਹਾ ਹੈ ਕਿ ਜਿੱਥੇ ਤੱਕ ਮੋਟਰ ਵਾਹਨਾਂ ਦਾ ਸਵਾਲ ਹੈ, ਮੋਟਰ ਵਾਹਨ ਕਾਨੂੰਨ 1988 ਆਪਣੇ ਆਪ ਵਿੱਚ ਪੂਰਾ ਹੈ। ਮੋਟਰ ਵਾਹਨ ਹਾਦਸਿਆਂ ਨਾਲ ਸੰਬੰਧਤ ਅਪਰਾਧ ਲਈ ਆਈ ਪੀ ਸੀ ਦਾ ਕੇਸ ਚਲਾਉਣ 'ਤੇ ਕੋਈ ਰੋਕ ਨਹੀਂ। ਅਦਾਲਤ ਨੇ ਕਿਹਾ ਕਿ ਦੋਵਾਂ ਕਾਨੂੰਨਾਂ ਤਹਿਤ ਅਪਰਾਧੀ ਵਿਰੁੱਧ ਕੇਸ ਚਲਾਇਆ ਜਾ ਸਕਦਾ ਹੈ ਅਤੇ ਇੱਕ ਦੂਜੇ ਤੋਂ ਆਜ਼ਾਦ ਹੋ ਕੇ ਸਜ਼ਾ ਦਿੱਤੀ ਜਾ ਸਕਦੀ ਹੈ।

# ਐਨ ਆਰ ਆਈ ਵਿਆਹ ਰਜਿਸਟਰੇਸ਼ਨ ਬਿੱਲ ਪਾਰਲੀਮੈਂਟ ਕਮੇਟੀ ਦੇ ਹਵਾਲੇ

ਨਵੀਂ ਦਿੱਲੀ, 8 ਅਕਤੂਬਰ (ਪੋਸਟ ਬਿਊਰੋ)- ਐਨ ਆਰ ਆਈ ਵਿਆਹ ਰਜਿਸਟਰੇਸ਼ਨ ਬਿੱਲ ਨੂੰ ਘੋਖ-ਪੜਤਾਲ ਲਈ ਵਿਦੇਸ਼ ਮਾਮਲਿਆਂ ਬਾਰੇ ਪਾਰਲੀਮੈਂਟ ਦੀ ਸਟੈਂਡਿੰਗ ਕਮੇਟੀ ਹਵਾਲੇ ਕਰ ਦਿੱਤਾ ਗਿਆ ਹੈ। ਇਸ ਕਮੇਟੀ ਨੂੰ ਦੋ ਮਹੀਨੇ ਵਿੱਚ ਰਿਪੋਰਟ ਸੌਂਪਣ ਲਈ ਆਖਿਆ ਗਿਆ ਹੈ। ਇਸ ਬਿੱਲ ਤਹਿਤ ਕਿਸੇ ਵੀ ਪਰਵਾਸੀ ਲਾੜੇ ਨੂੰ ਵਿਆਹ ਕਰਵਾਉਣ ਦੇ ਤੀਹ ਦਿਨਾਂ ਅੰਦਰ ਵਿਆਹ ਦੀ ਰਜਿਸਟਰੇਸ਼ਨ ਕਰਵਾਉਣੀ ਲਾਜ਼ਮੀ ਹੈ।






'ਰਜਿਸਟਰੇਸ਼ਨ ਆਫ ਮੈਰਿਜ ਆਫ ਨਾਨ-ਰੈਜ਼ੀਡੈਂਟ ਇੰਡੀਅਨ ਬਿੱਲ 2019' ਪਾਸਪੋਰਟ ਅਥਾਰਿਟੀਜ਼ ਨੂੰ ਉਨ੍ਹਾਂ ਪਰਵਾਸੀ ਭਾਰਤੀਆਂ ਦਾ ਪਾਸਪੋਰਟ ਜਾਂ ਹੋਰ ਯਾਤਰਾ ਦਸਤਾਵੇਜ਼ ਜ਼ਬਤ ਕਰਨ ਜਾਂ ਰੱਦ ਕਰਨ ਦਾ ਅਖਤਿਆਰ ਦਿੰਦਾ ਹੈ, ਜੋ ਮਿੱਥੀ ਮਿਆਦ ਅੰਦਰ ਵਿਆਹ ਦਾ ਰਜਿਸਟਰੇਸ਼ਨ ਕਰਾਉਣ ਤੋਂ ਨਾਕਾਮ ਰਹਿੰਦੇ ਹਨ। ਲੋਕ ਸਭਾ ਸਕੱਤਰੇਤ ਨੇ ਇੱਕ ਬਿਆਨ ਵਿੱਚ ਕਿਹਾ, 'ਲੋਕ ਸਭਾ ਸਪੀਕਰ ਨੇ ਰਾਜ ਸਭਾ ਚੇਅਰਮੈਨ ਨਾਲ ਸਲਾਹ ਕਰਨ ਪਿੱਛੋਂ ਪਰਵਾਸੀ ਭਾਰਤੀਆਂ ਦੇ ਵਿਆਹ ਰਜਿਸਟਰੇਸ਼ਨ ਨਾਲ ਸਬੰਧਤ ਬਿੱਲ ਵਿਦੇਸ਼ ਮਾਮਲਿਆਂ ਬਾਰੇ ਸਟੈਂਡਿੰਗ ਕਮੇਟੀ ਹਵਾਲੇ ਕਰ ਕੇ ਦੋ ਮਹੀਨੇ ਵਿੱਚ ਰਿਪੋਰਟ ਦੇਣ ਲਈ ਕਿਹਾ ਹੈ।' ਪਰਵਾਸੀ ਭਾਰਤੀਆਂ ਵੱਲੋਂ ਭਾਰਤੀ ਔਰਤਾਂ ਨਾਲ ਵਿਆਹ ਕਰਾਉਣ ਮਗਰੋਂ ਧੋਖਾਧੜੀ ਦੇ ਵਧਦੇ ਕੇਸਾਂ ਕਰਕੇ ਇਸ ਸਾਲ ਫਰਵਰੀ ਵਿੱਚ ਰਾਜ ਸਭਾ ਵਿੱਚ ਬਿੱਲ ਪੇਸ਼ ਹੋਇਆ ਸੀ। ਇਸ ਬਿੱਲ ਤਹਿਤ ਪਰਵਾਸੀ ਭਾਰਤੀਆਂ ਲਈ ਵਿਆਹ ਦੇ ਇੱਕ ਮਹੀਨੇ ਅੰਦਰ ਵਿਆਹ ਦੀ ਰਜਿਸਟਰੇਸ਼ਨ ਕਰਾਉਣੀ ਲਾਜ਼ਮੀ ਹੈ। ਇਸ ਦੌਰਾਨ ਦੋ ਹੋਰਨਾਂ ਬਿਲਾਂ ਸਿਨੇਮਾਟੋਗ੍ਰਾਫ (ਸੋਧ) ਬਿੱਲ ਅਤੇ ਨੈਸ਼ਨਲ ਇੰਸਟੀਚਿਊਟ ਆਫ ਫੂਡ ਟੈਕਨਾਲੋਜੀ, ਐਂਟਰਪ੍ਰਿਓਨੋਰਸ਼ਿਪ ਤੇ ਮੈਨੇਜਮੈਂਟ ਬਿੱਲ ਨੂੰ ਕ੍ਰਮਵਾਰ ਸੂਚਨਾ ਤਕਨਾਲੋਜੀ ਤੇ ਖੇਤੀ ਨਾਲ ਸਬੰਧਨ ਕਮੇਟੀਆਂ ਨੂੰ ਸੌਂਪ ਦਿੱਤਾ ਗਿਆ ਹੈ।

# ਯੈੱਸ ਬੈਂਕ ਵਲੋਂ ਫਰਜ਼ੀ ਖਬਰਾਂ ਖਿਲਾਫ ਸ਼ਿਕਾਇਤ

ਨਵੀਂ ਦਿੱਲੀ, 8 ਅਕਤੂਬਰ (ਪੋਸਟ ਬਿਊਰੋ)- ਯੈੱਸ ਬੈਂਕ ਦੇ ਨਿਵੇਸ਼ਕਾਂ ਅਤੇ ਕਰਮਚਾਰੀਆਂ ਦੋਵਾਂ ਲਈ ਚੰਗੀ ਖਬਰ ਹੈ। ਇੱਕ ਪਾਸੇ ਯੈੱਸ ਬੈਂਕ ਨੇ ਆਪਣੇ ਖਿਲਾਫ ਸੋਸ਼ਲ ਮੀਡੀਆ 'ਤੇ ਚੱਲਦੀਆਂ ਕੁਝ ਫਰਜ਼ੀ ਖਬਰਾਂ ਨੂੰ ਅਫਵਾਹ ਦੱਸ ਕੇ ਮੁੰਬਈ ਪੁਲਸ ਅਤੇ ਸਾਈਬਰ ਸੈੱਲ ਨੂੰ ਸ਼ਿਕਾਇਤ ਦਰਜ ਕੀਤੀ ਹੈ, ਦੂਸਰੇ ਪਾਸੇ ਆਪਣੀ ਵਿੱਤੀ ਹਾਲਤ ਚੰਗੀ ਤੇ ਮਜ਼ਬੂਤ ਦੱਸੀ ਹੈ। ਇਸ ਨਾਲ ਅੱਜ ਇਸ ਦੇ ਸ਼ੇਅਰਾਂ ਵਿੱਚ ਵੀ ਤੇਜ਼ੀ ਆਈ ਹੈ।

ਇਸ ਸੰਬੰਧ ਵਿੱਚ ਅੱਜ ਯੈੱਸ ਬੈਂਕ ਨੇ ਸ਼ੇਅਰ ਬਾਜ਼ਾਰ ਨੂੰ ਦੱਸਿਆ ਕਿ ਬੈਂਕ ਨੇ ਵਟਸਐਪ ਤੇ ਸੋਸ਼ਲ ਮੀਡੀਆ ਦੇ ਹੋਰ ਪਲੇਟਫਾਰਮਾਂ ਉੱਤੇ ਉਸ ਦੀ ਵਿੱਤੀ ਹਾਲਤ ਬਾਰੇ ਪ੍ਰਚਾਰੀਆਂ ਗਈਆਂ ਫਰਜ਼ੀ ਖਬਰਾਂ ਤੇ ਅਫਵਾਹਾਂ ਦੇ ਖਿਲਾਫ ਮੁੰਬਈ ਪੁਲਸ ਅਤੇ ਸਾਈਬਰ ਸੈਲ ਨੂੰ ਸ਼ਿਕਾਇਤ ਦਰਜ ਕਰਵਾਈ ਗਈ





ਹੈ। ਜਮ੍ਹਾ ਕਰਤਾਵਾਂ ਦੇ ਮਨ 'ਚ ਡਰ ਅਤੇ ਹਲਚਲ ਪੈਦਾ ਕਰਨ ਲਈ ਬੀਤੇ ਦਿਨੀਂ ਕੁਝ ਸ਼ਰਾਰਤੀ ਤੱਤਾਂ ਨੇ ਬੈਂਕ ਬਾਰੇ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਫਰਜ਼ੀ ਸੂਚਨਾ ਅਤੇ ਅਫਵਾਹਾਂ ਫੈਲਾਈਆਂ ਹਨ। ਇਹ ਮੈਸੇਜ ਜਮ੍ਹਾ ਕਰਤਾਵਾਂ, ਸ਼ੇਅਰ ਹੋਲਡਰਾਂ ਅਤੇ ਆਮ ਜਨਤਾ ਦੀਆਂ ਨਜ਼ਰਾਂ ਵਿੱਚ ਬੈਂਕ ਦਾ ਅਕਸ ਖਰਾਬ ਕਰਨ ਦੇ ਇਰਾਦੇ ਨਾਲ ਫੈਲਾਏ ਗਏ ਹਨ।

ਦੂਜੇ ਪਾਸੇ ਮੀਡੀਆ ਰਿਪੋਰਟਾਂ ਅਨੁਸਾਰ ਬੈਂਕ ਕਰਮਚਾਰੀਆਂ ਲਈ ਵੀ ਖੁਸ਼ਖਬਰੀ ਆਈ ਹੈ। ਸੂਤਰਾਂ ਮੁਤਾਬਕ ਬੈਂਕ ਨੇ ਆਪਣੇ ਮੁਲਾਜ਼ਮਾਂ ਨੂੰ ਬੰਪਰ ਬੋਨਸ ਦੇਣ ਦਾ ਫੈਸਲਾ ਕੀਤਾ ਹੈ, ਜਿਹੜਾ ਹਰ ਚਾਰ ਮਹੀਨਿਆਂ ਉਤੇ ਦਿੱਤਾ ਜਾਵੇਗਾ ਅਤੇ ਨਵੇਂ ਕਰਮਚਾਰੀਆਂ ਦੀ ਚੰਗੀ ਇੰਕਰੀਮੈਂਟ ਦੇ ਨਾਲ ਹਾਇਰਿੰਗ ਵੀ ਕੀਤੀ ਜਾਵੇਗੀ। ਮੀਡੀਆ ਰਿਪੋਰਟਾਂ ਦੇ ਮੁਤਾਬਕ ਯੈੱਸ ਬੈਂਕ ਆਪਣੇ ਕਰਮਚਾਰੀਆਂ ਨੂੰ ਪ੍ਰਫਾਰਮੈਂਸ ਦੇ ਆਧਾਰ 'ਤੇ ਬੋਨਸ ਦੇਵੇਗਾ। ਇਹ ਬੋਨਸ ਸਾਲ ਵਿੱਚ ਤਿੰਨ ਵਾਰ ਯਾਨੀ ਹਰ ਚਾਰ ਮਹੀਨੇ ਬਾਅਦ ਦਿੱਤਾ ਜਾਵੇਗਾ ਅਤੇ ਸਾਰੇ ਸਾਲ ਦੇ ਕੁੱਲ ਬੋਨਸ ਨੂੰ ਤਿੰਨ ਹਿੱਸਿਆਂ ਵਿੱਚ 30:40:30 ਦੇ ਅਨੁਪਾਤ ਵਿੱਚ ਵੰਡਿਆ ਗਿਆ ਹੈ। ਰਿਪੋਰਟ ਅਨੁਸਾਰ ਟਾਪ ਪੁਜ਼ੀਸ਼ਨ 'ਤੇ ਬੈਂਕ ਅਗਰੈਸਿਵ ਤਰੀਕੇ ਨਾਲ ਹਾਇਰਿੰਗ ਕਰਨ ਜਾ ਰਿਹਾ ਹੈ, ਜਿਸ ਲਈ ਚੋਖੀ ਇੰਕਰੀਮੈਂਟ ਵੀ ਦਿੱਤੀ ਜਾਵੇਗੀ।

ਇਸ ਦੇ ਬਾਅਦ ਯੈੱਸ ਬੈਂਕ ਦੇ ਸ਼ੇਅਰਾਂ ਵਿੱਚ 8.19 ਫੀਸਦੀ ਤੱਕ ਤੇਜ਼ੀ ਦੇਖਣ ਨੂੰ ਮਿਲੀ ਅਤੇ ਸ਼ੇਅਰ 45.60 ਰੁਪਏ ਦੇ ਭਾਅ ਤੱਕ ਪਹੁੰਚ ਗਿਆ। ਸ਼ੁੱਕਰਵਾਰ ਇਹ 42.15 ਦੇ ਭਾਅ ਤੇ ਬੰਦ ਹੋਇਆ ਸੀ। ਯੈੱਸ ਬੈਂਕ ਨੇ ਬੈਂਕ ਦੀ ਹਾਲਤ ਬਾਰੇ ਸੋਸ਼ਲ ਮੀਡੀਆ 'ਤੇ ਫੈਲਾਈਆਂ ਗਈਆਂ ਅਫਵਾਹਾਂ ਅਤੇ ਫਰਜ਼ੀ ਖਬਰਾਂ ਦੇ ਖਿਲਾਫ ਮੁੰਬਈ ਪੁਲਸ ਅਤੇ ਸਾਈਬਰ ਸੈੱਲ ਕੋਲ ਸ਼ਿਕਾਇਤ ਦਰਜ ਕਰਵਾਈ ਹੈ।

## ਪੰਜਾਬ ਵਿੱਚ ਐਨ ਐਸ ਜੀ ਦਾ ਖੇਤਰੀ ਹੱਬ ਬਣਾਉਣ ਦੀ ਤਿਆਰੀ



ਨਵੀਂ ਦਿੱਲੀ, 8 ਅਕਤੂਬਰ (ਪੋਸਟ ਬਿਊਰੋ)- ਪੰਜਾਬ 'ਚ ਵੱਧ ਰਹੀਆਂ ਅੱਤਵਾਦੀ ਗਤੀਵਿਧੀਆਂ ਨੂੰ ਵੇਖਦਿਆਂ ਕੇਂਦਰ ਸਰਕਾਰ ਵੱਲੋਂ ਏਥੇ ਨੈਸ਼ਨਲ ਸਕਿਉਰਟੀ ਗਾਰਡਜ਼ (ਐਨ ਐਸ ਜੀ) ਦੇ ਕਮਾਂਡੋਜ਼ ਦਾ ਖੇਤਰੀ (ਰੀਜਨਲ) ਹੱਬ ਬਣਾਉਣ ਬਾਰੇ ਵਿਚਾਰ ਕੀਤੀ ਜਾ ਰਹੀ ਹੈ। ਸੂਤਰਾਂ ਮੁਤਾਬਕ ਕੇਂਦਰੀ ਗ੍ਰਹਿ ਮੰਤਰਾਲੇ ਅਤੇ ਪੰਜਾਬ ਸਰਕਾਰ ਵੱਲੋਂ ਐਨ ਐਸ ਜੀ ਦਾ ਕੇਂਦਰ ਸਥਾਪਿਤ ਕਰਨ ਬਾਰੇ ਵਿਆਪਕ ਯੋਜਨਾ ਤਿਆਰ ਕੀਤੀ ਜਾ ਰਹੀ ਹੈ ਅਤੇ ਇਸ ਬਾਰੇ ਕੇਂਦਰ ਵੱਲੋਂ ਪੰਜਾਬ ਸਰਕਾਰ ਨੂੰ ਪਠਾਨਕੋਟ ਜਾਂ ਅੰਮ੍ਰਿਤਸਰ 'ਚ ਜ਼ਮੀਨ ਦੇਣ ਲਈ ਕਿਹਾ ਗਿਆ ਹੈ।

ਜਾਣਕਾਰ ਸੂਤਰਾਂ ਮੁਤਾਬਕ ਇਸ ਹੱਬ ਵਿੱਚ ਐਨ ਐਸ ਜੀ ਕਮਾਂਡੋਜ਼ ਦੀ ਅਜਿਹੀ ਟੀਮ ਹੋਵੇਗੀ, ਜੋ ਅੱਤਵਾਦੀ ਗਤੀਵਿਧੀਆਂ ਵਿਰੁੱਧ ਕੰਮ ਕਰੇਗੀ ਅਤੇ ਪੰਜਾਬ ਦੇ ਨਾਲ ਜੰਮੂ-ਕਸ਼ਮੀਰ 'ਚ ਵੀ ਸਰਗਰਮ ਰਹੇਗੀ। ਆਪਣੀ ਪਛਾਣ ਗੁਪਤ ਰੱਖਣ ਦੀ ਸ਼ਰਤ 'ਤੇ ਕੇਂਦਰੀ ਗ੍ਰਹਿ ਮੰਤਰਾਲੇ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਐਨ ਐਸ ਜੀ ਹੱਬ ਲਈ ਪਠਾਨਕੋਟ 'ਚ ਜ਼ਮੀਨ ਦੇਣ ਲਈ ਤਿਆਰ ਹੈ, ਜਦਕਿ ਬਿਹਤਰ ਗਤੀਵਿਧੀ ਤੇ ਸਹਿਯੋਗ ਲਈ ਅੰਮ੍ਰਿਤਸਰ 'ਚ ਜ਼ਮੀਨ ਦੇਣ ਬਾਰੇ ਗੱਲਬਾਤ ਜਾਰੀ ਹੈ। ਇਸ ਸਮੇਂ ਮੁੰਬਈ, ਕੋਲਕਾਤਾ, ਚੇਨਈ, ਹੈਦਰਾਬਾਦ ਤੇ ਗੁਜਰਾਤ ਐਨ ਐਸ ਜੀ ਹੱਬ ਹਨ ਅਤੇ ਜੇ ਪੰਜਾਬ ਵਿੱਚ ਬਣਿਆ ਤਾਂ ਇਹ ਦੇਸ਼ ਦਾ 6ਵਾਂ ਐਨ ਐਸ ਜੀ ਹੱਬ ਹੋਵੇਗਾ, ਜਿਸ ਦੇ ਜ਼ਿੰਮੇ ਪੂਰੇ ਉੱਤਰ ਭਾਰਤ ਦੇ ਸਾਰੇ ਪਹਾੜੀ ਇਲਾਕੇ ਵੀ ਹੋਣਗੇ। ਬੀਤੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਵੇਲੇ ਪੰਜਾਬ 'ਚ ਸਰਗਰਮ ਹੋ ਰਹੇ ਖਾੜਕੂਵਾਦ ਦਾ ਮੁੱਦਾ ਉਠਾਇਆ ਸੀ। ਸੂਤਰਾਂ ਮੁਤਾਬਕ ਪੰਜਾਬ 'ਚ ਇਹ ਕੇਂਦਰ ਬਣਨ 'ਤੇ ਪੰਜਾਬ ਪੁਲਸ ਦੀ ਕਮਾਂਡ 'ਚ ਐਨ ਐਸ ਜੀ ਕਮਾਂਡੋਜ਼ ਵੀ ਹੋਣਗੇ ਅਤੇ ਉਹ ਪੰਜਾਬ ਪੁਲਸ ਦੀ ਸਪੈਸ਼ਲ ਫੋਰਸ ਨੂੰ ਅੱਤਵਾਦ ਦੇ ਨਾਲ ਅਗਵਾ ਦੀਆਂ ਘਟਨਾਵਾਂ ਬਾਰੇ ਵੀ ਸਿਖਲਾਈ ਦੇਣਗੇ।

## ਸੜਕ ਹਾਦਸੇ ਵਿੱਚ ਤਿੰਨ ਮੌਤਾਂ ਦੇ ਬਾਅਦ ਉਮਾ ਭਾਰਤੀ ਦੇ ਭਤੀਜੇ ਵਿਰੁੱਧ ਕੇਸ



ਟੀਕਮਗੜ੍ਹ, 8 ਅਕਤੂਬਰ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਟੀਕਮਗੜ੍ਹ ਵਿੱਚ ਪਪਾਵਨੀ ਪਿੰਡ ਵਿੱਚ ਕੱਲ੍ਹ ਦੁਪਹਿਰ ਪਜੈਰੋ ਗੱਡੀ ਦੀ ਟੱਕਰ ਨਾਲ ਤਿੰਨ ਬਾਈਕ ਸਵਾਰਾਂ ਦੀ ਮੌਤ ਹੋ ਗਈ। ਇਸ ਹਾਦਸੇ ਤੋਂ ਨਾਰਾਜ਼ ਪਰਵਾਰਕ ਮੈਂਬਰਾਂ ਨੇ ਜਾਮ ਲਾ ਦਿੱਤਾ। ਦੋਸ਼ ਇਹ ਸੀ ਕਿ ਸਾਬਕਾ ਮੁੱਖ ਮੰਤਰੀ ਉਮਾ ਭਾਰਤੀ ਦੇ ਭਤੀਜੇ ਕਰਗਾਪੁਰ ਵਿਧਾਇਕ ਰਾਹੁਲ ਸਿੰਘ ਤੇਜ਼ ਰਫਤਾਰ ਨਾਲ ਗੱਡੀ ਚਲਾ ਰਹੇ ਸਨ। ਦੇਰ ਸ਼ਾਮ ਤੱਕ ਰਾਹੁਲ ਦੇ ਖਿਲਾਫ ਮੋਟਰ ਵਹੀਕਲ ਐਕਟ ਦਾ ਕੇਸ ਦਰਜ ਕਰ ਲਿਆ ਗਿਆ। ਉਨ੍ਹਾਂ ਦਾ ਕਹਿਣਾ ਹੈ ਕਿ ਮੈਂ ਫੁਟੇਰ ਪਿੰਡ ਵਿੱਚ ਸਵੇਰ ਤੋਂ ਪ੍ਰੋਗਰਾਮ ਵਿੱਚ ਸਾਂ, ਓਧਰ ਗਿਆ ਹੀ ਨਹੀਂ ਤੇ ਮੈਨੂੰ ਸਾਜ਼ਿਸ ਤਹਿਤ ਫਸਾਇਆ ਜਾ ਰਿਹਾ ਹੈ।

ਝਿੰਨਗੁਵਾ ਦੇ ਵਸਨੀਕ ਰਵੀ ਆਪਣੇ ਸਾਲੇ ਦੇ ਲੜਕੇ ਬ੍ਰਿਜੇਂਦਰ ਅਤੇ ਮਦਨ ਨਾਲ ਬਾਈਕ 'ਤੇ ਬਰੇਠੀ ਪਿੰਡ ਜਾ ਰਹੇ ਸਨ। ਦੁਪਹਿਰ ਤਿੰਨ ਵਜੇ ਪਪਾਵਨੀ ਪਿੰਡ ਦੇ ਮੰਦਰ ਨੇੜੇ ਪਿੱਛਿਉਂ ਭਾਜਪਾ ਵਿਧਾਇਕ ਰਾਹੁਲ ਸਿੰਘ ਲੋਧੀ ਦੀ ਗੱਡੀ ਨੇ ਟੱਕਰ ਮਾਰ ਦਿੱਤੀ। ਇਸ ਕਾਰਨ ਰਵੀ ਅਤੇ ਬ੍ਰਿਜੇਂਦਰ ਦੀ ਘਟਨਾ ਵਾਲੀ ਜਗ੍ਹਾ ਹੀ ਮੌਤ ਹੋ ਗਈ। ਬਾਅਦ ਵਿੱਚ ਝਾਂਸੀ ਵਿੱਚ ਇਲਾਜ ਦੌਰਾਨ ਮਦਨ ਨੇ ਵੀ ਦਮ ਤੋੜ ਦਿੱਤਾ। ਪਰਵਾਰਕ ਮੈਂਬਰਾਂ ਦਾ ਦੋਸ਼ ਹੈ ਕਿ ਵਿਧਾਇਕ ਦੀ ਪਜੈਰੋ ਨੇ ਜਦ ਬਾਈਕ ਨੂੰ ਟੱਕਰ ਮਾਰੀ, ਓਦੋਂ ਉਹ ਖੁਦ ਗੱਡੀ ਚਲਾ ਰਹੇ ਸਨ ਅਤੇ ਹਾਦਸੇ ਪਿੱਛੋਂ ਭੱਜ ਗਏ। ਉਨ੍ਹਾਂ ਨੇ ਬਿਲਕੁਲ ਮਨੁੱਖ ਵਾਲੀ ਭਾਵਨਾ ਨਹੀਂ ਦਿਖਾਈ। ਦੇਰ ਸ਼ਾਮ ਵਿਧਾਇਕ ਦੇ ਨਾਂਅ ਉੱਤੇ ਦਰਜ ਪਜੈਰੋ ਦਾ ਚਾਲਕ ਵਿਜੇ ਯਾਦਵ ਕੋਤਵਾਲੀ ਥਾਣਾ ਪਹੁੰਚ ਗਿਆ। ਪੁਲਸ ਨੇ ਉਸ ਨੂੰ ਹਿਰਾਸਤ ਵਿੱਚ ਲੈ ਕੇ ਗੱਡੀ ਨੂੰ ਥਾਣੇ ਵਿੱਚ ਰਖਵਾਇਆ ਹੈ।

# ਪਹਿਲੇ ਤੋਂ ਤਲਾਕ, ਦੂਸਰੇ ਪਤੀ ਨੇ ਕਾਰ ਅਤੇ ਕੈਸ਼ ਮੰਗ ਕੇ ਘਰੋਂ ਕੱਢੀ

ਜਮਨਾਨਗਰ, 8 ਅਕਤੂਬਰ (ਪੋਸਟ ਬਿਊਰੋ)- ਵਿਸ਼ਣੂ ਨਗਰ ਦੀ ਵਸਨੀਕ ਵਿਆਹੁਤਾ ਨੇ ਸਹੁਰਿਆਂ ਉਤੇ ਦਾਜ ਲਈ ਤੰਗ ਕਰਨ ਦਾ ਦੋਸ਼ ਲਾਇਆ ਹੈ। ਦੋਸ਼ ਇਹ ਹੈ ਕਿ ਸਹੁਰੇ ਘਰ ਉਸ ਨੂੰ ਮਾਰਨ ਦੀ ਕੋਸ਼ਿਸ਼ ਵੀ ਕੀਤੀ ਗਈ। ਮਹਿਲਾ ਦਾ ਦੂਸਰਾ ਵਿਆਹ ਸੀ। ਉਸ ਦੀ ਸ਼ਿਕਾਇਤ 'ਤੇ ਪੁਲਸ ਨੇ ਕੇਸ ਦਰਜ ਕਰ ਲਿਆ ਹੈ। ਇਸ ਸੰਬੰਧ ਵਿੱਚ ਮਹਿਲਾ ਨੇ ਫਰਕਪੁਰ ਪੁਲਸ ਨੂੰ ਸ਼ਿਕਾਇਤ ਦਿੱਤੀ ਹੈ ਕਿ ਉਸ ਦਾ ਵਿਆਹ ਅਪ੍ਰੈਲ 2014 ਵਿੱਚ ਹੋਇਆ ਸੀ, ਜਿਸ ਵਿੱਚ ਪਰਵਾਰ ਨੇ ਪੰਜ ਲੱਖ ਰੁਪਏ ਖਰਚ ਕੀਤੇ ਸਨ ਅਤੇ ਉਸ





ਦਾ ਇਹ ਦੂਸਰਾ ਵਿਆਹ ਸੀ। ਪਹਿਲੇ ਪਤੀ ਤੋਂ ਤਲਾਕ ਹੋ ਚੁੱਕਾ ਹੈ। ਇਸ ਦੇ ਬਾਅਦ ਦੂਸਰੇ ਵਿਆਹ ਦੇ ਦੋ ਦਿਨ ਬਾਅਦ ਹੀ ਜਦ ਫੇਰਾ ਪਾਉਣ ਗਏ ਤਾਂ ਉਨ੍ਹਾਂ ਨੇ 50 ਹਜ਼ਾਰ ਰੁਪਏ ਦੀ ਮੰਗ ਕੀਤੀ। ਤਦ ਉਸ ਨੇ ਆਪਣੇ ਸਹੁਰੇ ਪਰਵਾਰ ਨੂੰ ਕਹਿ ਦਿੱਤਾ ਸੀ ਕਿ ਉਹ ਆਪਣੇ ਪੇਕਿਆਂ ਤੋਂ ਪੈਸਾ ਨਹੀਂ ਮੰਗੇਗੀ। ਦੋਸ਼ ਹੈ ਕਿ ਕੁਝ ਦਿਨ ਬਾਅਦ ਉਸ ਨੂੰ ਸਹੁਰੇ ਪਰਵਾਰ ਨੇ ਦਾਜ ਦੇ ਲਈ ਤੰਗ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੀ ਡਿਮਾਂਡ ਵਧ ਗਈ ਅਤੇ ਉਨ੍ਹਾਂ ਨੇ ਦੋ ਲੱਖ ਰੁਪਏ ਅਤੇ ਕਾਰ ਦੀ ਡਿਮਾਂਡ ਕਰਨੀ ਸ਼ੁਰੂ ਕਰ ਦਿੱਤੀ। ਕੁਝ ਪੈਸੇ ਉਨ੍ਹਾਂ ਨੂੰ ਦਿੱਤੇ ਵੀ ਗਏ। ਉਸ ਦਾ ਏ ਟੀ ਐੱਮ ਕਾਰਡ ਵੀ ਉਸ ਦੇ ਪਤੀ ਨੇ ਆਪਣੇ ਕੋਲ ਰੱਖ ਲਿਆ। ਉਸ ਵਿੱਚੋਂ ਉਹ ਪੈਸੇ ਕਢਵਾ ਲੈਂਦਾ ਸੀ। ਫਰਕਪੁਰ ਪੁਲਸ ਨੇ ਸ਼ਿਕਾਇਤ 'ਤੇ ਕੇਸ ਦਰਜ ਕਰ ਲਿਆ ਹੈ।

## ਰਾਜ ਬੱਬਰ ਨੂੰ ਹਟਾ ਕੇ ਲੱਲੂ ਬਣੇ ਯੂ ਪੀ ਕਾਂਗਰਸ ਦੇ ਪ੍ਰਧਾਨ

ਨਵੀਂ ਦਿੱਲੀ, 8 ਅਕਤੂਬਰ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਵਿੱਚ ਫਿਰ ਖੜ੍ਹਾ ਹੋਣ ਦੀ ਕੋਸ਼ਿਸ਼ ਕਰ ਰਹੀ ਕਾਂਗਰਸ ਪਾਰਟੀ ਨੇ ਬੀਤੀ ਰਾਤ ਆਪਣੇ ਪ੍ਰਦੇਸ਼ ਪ੍ਰਧਾਨ ਨੂੰ ਬਦਲ ਕੇ ਇਸ ਦੀ ਸ਼ੁਰੂਆਤ ਕਰ ਦਿੱਤੀ ਹੈ। ਪਾਰਟੀ ਨੇ ਰਾਜ ਬੱਬਰ ਨੂੰ ਹਟਾ ਕੇ ਸੂਬੇ ਦੀ ਕਮਾਨ ਅਜੈ ਕੁਮਾਰ ਲੱਲੂ ਨੂੰ ਸੌਂਪ ਦਿੱਤੀ ਹੈ ਅਤੇ ਅਰਾਧਨਾ ਮਿਸ਼ਰਾ ਨੂੰ ਅਜੈ ਕੁਮਾਰ ਦੀ ਥਾਂ ਵਿਧਾਇਕ ਦਲ ਦਾ ਨੇਤਾ ਬਣਾਇਆ ਗਿਆ ਹੈ।

ਇਸ ਦੇ ਨਾਲ ਹੀ ਪਾਰਟੀ ਨੇ ਪ੍ਰਦੇਸ਼ ਕਾਂਗਰਸ ਦੇ ਜਨਰਲ ਸਕੱਤਰਾਂ ਅਤੇ ਸਕੱਤਰਾਂ ਦਾ ਵੀ ਐਲਾਨ ਕਰ ਦਿੱਤਾ ਹੈ। ਐਨ ਚੋਣਾਂ ਮੌਕੇ ਸਮਾਜਵਾਦੀ ਪਾਰਟੀ ਤੋਂ ਕਾਂਗਰਸ 'ਚ ਆਏ ਰਾਕੇਸ਼ ਸਚਾਨ ਸਮੇਤ 12 ਲੋਕਾਂ ਨੂੰ ਜਨਰਲ ਸਕੱਤਰਾਂ ਦੀ ਨਿਯੁਕਤੀ ਕੀਤੀ ਗਈ ਹੈ। ਅਜੈ ਦੋ ਵਾਰੀ ਤੋਂ ਕੁਸ਼ੀਨਗਰ ਜ਼ਿਲ੍ਹੇ ਦੀ ਤਮਕੁਈ ਰਾਜ ਵਿਧਾਨ ਸਭਾ ਸੀਟ ਤੋਂ ਵਿਧਾਇਕ ਹਨ। ਉਨ੍ਹਾਂ ਨੂੰ ਪਾਰਟੀ ਦੀ ਜਨਰਲ ਸਕੱਤਰ ਅਤੇ ਪੂਰਬੀ ਉੱਤਰ ਪ੍ਰਦੇਸ਼ ਦੀ ਇੰਚਾਰਜ ਪ੍ਰਿਅੰਕਾ ਗਾਂਧੀ ਦਾ ਨੇੜੂ ਮੰਨਿਆ ਜਾਂਦਾ ਹੈ। ਵਰਨਣ ਯੋਗ ਹੈ ਕਿ ਚੋਣਾਂ 'ਚ ਹਾਰ ਦੀ ਜ਼ਿੰਮੇਵਾਰੀ ਲੈਂਦੇ ਹੋਏ ਰਾਜ ਬੱਬਰ ਨੇ ਆਪਣੇ ਅਸਤੀਫੇ ਦੀ ਪੇਸ਼ਕਸ਼ ਕੀਤੀ ਸੀ।

# ਮੁੰਬਈ ਦੇ ਆਰੇ ਕਲੋਨੀ ਵਿੱਚ ਰੁੱਖ ਵੱਢਣ ਉਤੇ ਰੋਕ ਲੱਗੀ

## * ਸੁਪਰੀਮ ਕੋਰਟ ਨੇ ਕਿਹਾ, ਹਾਲੇ ਕੋਈ ਰੁੱਖ ਨਹੀਂ ਵੱਢਣਾ

ਨਵੀਂ ਦਿੱਲੀ, 8 ਅਕਤੂਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਮੁੰਬਈ ਦੀ ਆਰੇ ਕਲੋਨੀ ਵਿੱਚ ਮੈਟਰੋ ਕਾਰ ਸ਼ੈੱਡ ਬਣਾਉਣ ਲਈ ਰੁੱਖ ਵੱਢਣ 'ਤੇ ਫਿਲਹਾਲ ਰੋਕ ਲਾ ਦਿੱਤੀ ਹੈ। ਜਸਟਿਸ ਅਰੁਣ ਮਿਸ਼ਰਾ ਅਤੇ ਜਸਟਿਸ ਅਸ਼ੋਕ ਭੂਸ਼ਣ ਦੇ ਵਿਸ਼ੇਸ਼ ਬੈਂਚ ਨੇ ਕਿਹਾ ਕਿ ਉਹ ਪੂਰੀ ਸਥਿਤੀ ਦੀ ਘੋਖ ਕਰਨਗੇ। ਨਾਲ ਹੀ ਬੈਂਚ ਨੇ ਇਸ ਸੰਬੰਧ ਵਿੱਚ



ਦਾਖਲ ਪਟੀਸ਼ਨ 'ਤੇ ਸੁਣਵਾਈ ਲਈ 21 ਅਕਤੂਬਰ ਦੀ ਤਰੀਕ ਤੈਅ ਕੀਤੀ ਹੈ।

ਅਦਾਲਤ ਨੇ ਕਿਹਾ ਕਿ ਹਾਲੇ ਕੋਈ ਵੀ ਰੁੱਖ ਨਾ ਕੱਟੋ। ਵਾਤਾਵਰਣ ਦੀ ਰਾਖੀ ਨਾਲ ਜੁੜੇ ਕਾਰਕੁਨ ਤੇ ਸਥਾਨਕ ਲੋਕ ਇਨ੍ਹਾਂ ਰੁੱਖਾਂ ਨੂੰ ਵੱਢੇ ਜਾਣ ਦਾ ਵਿਰੋਧ ਕਰ ਰਹੇ ਹਨ। ਅਦਾਲਤ ਨੇ ਨਿਰਦੇਸ਼ ਦਿੱਤਾ ਕਿ ਜੇ ਕੋਈ ਗ੍ਰਿਫਤਾਰੀ ਮਗਰੋਂ ਹਾਲੇ ਤੱਕ ਰਿਹਾਅ ਨਹੀਂ ਕੀਤਾ ਗਿਆ ਤਾਂ ਉਸ ਨੂੰ ਨਿੱਜੀ ਮੁਚੱਲਕਾ ਭਰਨ ਮਗਰੋਂ ਰਿਹਾਅ ਕਰ ਦਿੱਤਾ ਜਾਵੇ। ਸੁਣਵਾਈ ਦੌਰਾਨ ਮਹਾਰਾਸ਼ਟਰ ਸਰਕਾਰ ਨੇ ਬੈਂਚ ਨੂੰ ਕਿਹਾ ਕਿ ਆਰੇ ਵਿੱਚ ਰੁੱਖਾਂ ਦੀ ਵਢਾਈ ਵਿਰੁੱਧ ਪ੍ਰਦਰਸ਼ਨ ਦੌਰਾਨ ਗ੍ਰਿਫਤਾਰ ਕੀਤੇ ਗਏ ਸਾਰੇ ਲੋਕਾਂ ਨੂੰ ਛੱਡ ਦਿੱਤਾ ਹੈ। ਪੂਰੇ ਰਿਕਾਰਡ ਦੀ ਜਾਣਕਾਰੀ ਨਾ ਹੋਣ ਦੀ ਸਾਲਿਸਟਰ ਜਨਰਲ ਦੀ ਅਪੀਲ 'ਤੇ ਗੌਰ ਕਰਦਿਆਂ ਸੁਪਰੀਮ ਕੋਰਟ ਨੇ ਕਿਹਾ ਕਿ ਕੇਸ ਦੇ ਫੈਸਲੇ ਤੱਕ ਆਰੇ ਵਿੱਚ ਕੁਝ ਵੀ ਕੱਟਿਆ ਨਹੀਂ ਜਾਵੇਗਾ। ਮਹਾਰਾਸ਼ਟਰ ਸਰਕਾਰ ਦੇ ਨੋਟੀਫਿਕੇਸ਼ਨ 'ਤੇ ਵਿਚਾਰ ਕਰਨ ਮਗਰੋਂ ਫਿਲਹਾਲ ਬੈਂਚ ਨੇ ਕਿਹਾ ਕਿ ਆਰੇ ਕੋਈ ਵਿਕਾਸ ਖੇਤਰ ਨਹੀਂ ਹੈ ਅਤੇ ਨਾ ਵਾਤਾਵਰਣ ਪ੍ਰਤੀ ਸੰਵੇਦਨਸ਼ੀਲ ਖੇਤਰ ਹੈ, ਜਿਵੇਂ ਪਟੀਸ਼ਨਰ ਨੇ ਦਾਅਵਾ ਕੀਤਾ ਹੈ।

ਵਰਨਣ ਯੋਗ ਹੈ ਕਿ ਬੰਬਈ ਹਾਈ ਕੋਰਟ ਨੇ ਚਾਰ ਅਕਤੂਬਰ ਨੂੰ ਆਰੇ ਕਲੋਨੀ ਨੂੰ ਜੰਗਲਾਤ ਖੇਤਰ ਐਲਾਨਣ ਤੇ ਉਥੋਂ ਰੁੱਖ ਵੱਢਣ ਸੰਬੰਧੀ ਬੰਬੇ ਨਗਰ ਨਿਗਮ ਦੇ ਫੈਸਲੇ ਨੂੰ ਰੱਦ ਕਰਨ ਦੀਆਂ ਪਟੀਸ਼ਨਾਂ ਨੂੰ ਰੱਦ ਕਰਦਿਆਂ ਮੈਟਰੋ ਕਾਰ ਸ਼ੈੱਡ ਲਈ 2600 ਤੋਂ ਵੱਧ ਰੁੱਖ ਵੱਢਣ ਦੀ ਪ੍ਰਵਾਨਗੀ ਦੇ ਦਿੱਤੀ ਸੀ। ਮੈਟਰੋ ਦੀ ਰੇਕ ਦਾ ਡੀਪੂ ਬਣਾਉਣ ਲਈ ਆਰੇ ਵਿੱਚ ਰੁੱਖ ਵੱਢੇ ਜਾ ਰਹੇ ਹਨ। ਬੰਬਈ ਹਾਈ ਕੋਰਟ ਨੇ ਰੁੱਖ ਵੱਢਣ ਦੇ ਮੁੰਬਈ ਨਗਰ ਨਿਗਮ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਨੂੰ ਸ਼ੁੱਕਰਵਾਰ ਨੂੰ ਰੱਦ ਕਰ ਦਿੱਤਾ ਸੀ।

## ਐਂਜਲੀਨਾ ਜੌਲੀ ਬਣਨ ਲਈ ਸਰਜਰੀ ਨਾਲ ਚਿਹਰਾ ਖਰਾਬ ਕਰਵਾ ਕੇ ਜੇਲ੍ਹ ਜਾ ਪਹੁੰਚੀ



ਤਹਿਰਾਨ, 8 ਅਕਤੂਬਰ (ਪੋਸਟ ਬਿਊਰੋ)- ਈਰਾਨ ਵਿੱਚ ਆਪਣੀ ਕਾਸਮੈਟਿਕ ਸਰਜਰੀ ਦੇ ਜ਼ਰੀਏ ਵਾਰ-ਵਾਰ ਆਪਣਾ ਚਿਹਰਾ ਬਦਲਣ ਵਾਲੀ ਇੰਸਟਾਗ੍ਰਾਮ ਸੈਲੀਬ੍ਰਿਟੀ ਸਹਰ ਤਬਾਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਮਿਲੀ ਜਾਣਕਾਰੀ ਮੁਤਾਬਕ ਸਹਰ ਨੂੰ ਤਹਿਰਾਨ ਦੀ ਕੋਰਟ ਦੇ ਹੁਕਮ ਦੇ ਬਾਅਦ ਹਿਰਾਸਤ ਵਿੱਚ ਲਿਆ ਗਿਆ, ਜੋ ਸੱਭਿਆਚਾਰਕ ਅਪਰਾਧਾਂ ਅਤੇ ਸਮਾਜਕ-ਨੈਤਿਕ ਭ੍ਰਿਸ਼ਟਾਚਾਰ ਦੀ ਨਿਗਰਾਨੀ ਕਰਦੀ ਹੈ। ਇਸ ਇੰਸਟਾਗ੍ਰਾਮ ਸਟਾਰ ਦੇ ਖਿਲਾਫ ਧਰਮ ਨਿੰਦਾ, ਹਿੰਸਾ ਭੜਕਾਉਣ, ਨਾਜਾਇਜ਼ ਤਰੀਕੇ ਨਾਲ ਕਮਾਈ ਕਰਨ ਤੇ ਨੌਜਵਾਨਾਂ ਨੂੰ ਭ੍ਰਿਸ਼ਟ ਕਰਨ ਦਾ ਦੋਸ਼ ਲੱਗਾ ਹੈ। ਸਹਰ ਉਸ ਵਕਤ ਇੰਸਟਾਗ੍ਰਾਮ 'ਤੇ ਚਰਚਾ ਵਿੱਚ ਆਈ ਸੀ, ਜਦ ਉਸ ਨੇ ਆਪਣੀ ਪਲਾਸਟਿਕ ਸਰਜਰੀ ਦੇ ਬਾਅਦ ਦੀਆਂ ਕਈ ਤਸਵੀਰਾਂ ਸ਼ੇਅਰ ਕੀਤੀਆਂ ਸਨ, ਜਿਸ ਵਿੱਚ ਉਹ ਬਿਲਕੁਲ ਬਦਲੀ ਹੋਈ ਨਜ਼ਰ ਆ ਰਹੀ ਸੀ।

ਇੰਸਟਾ ਉੱਤੇ ਸਹਰ ਦੇ 26,800 ਫਾਲੋਅਰਜ਼ ਹਨ। ਉਸ ਦੀ ਹਰ ਤਸਵੀਰ ਅਤੇ ਵੀਡੀਓ ਕਾਫੀ ਜ਼ਿਆਦਾ ਐਡੀਡੇਟ ਹੁੰਦੇ ਹਨ ਤਾਂ ਕਿ ਉਹ ਹਾਲੀਵੁੱਡ ਸਟਾਰ ਐਂਜਲੀਨਾ ਜੌਲੀ ਵਰਗੀ ਲੱਗ ਸਕੇ। ਕਈ ਵਾਰ ਉਸ ਦੀਆਂ ਤਸਵੀਰਾਂ ਦੇਖ ਕੇ ਯਕੀਨ ਹੀ ਨਹੀਂ ਹੁੰਦਾ ਕਿ ਇਹ ਉਸ ਦਾ ਅਸਲੀ ਚਿਹਰਾ ਹੈ।

### ਐੱਫ ਏ ਟੀ ਐੱਫ ਨੇ ਮੰਨਿਆ

## ਅੱਤਵਾਦੀਆਂ ਵਿਰੁੱਧ ਕਾਰਵਾਈ ਕਰਨ ਵਿੱਚ ਪਾਕਿ ਨਾਕਾਮ, ਬਲੈਕ ਲਿਸਟ ਹੋਣ ਦਾ ਖਤਰਾ

ਇਸਲਾਮਾਬਾਦ, 8 ਅਕਤੂਬਰ (ਪੋਸਟ ਬਿਊਰੋ)- ਏਸ਼ੀਆ ਪੈਸੇਫਿਕ ਗਰੁੱਪ (ਏ ਪੀ ਜੇ) ਦੀ ਇੱਕ ਰਿਪੋਰਟ ਮੁਤਾਬਕ ਫਾਈਨੈਂਸ਼ਨਲ ਐਕਸ਼ਨ ਟਾਸਕ ਫੋਰਸ (ਐੱਫ ਏ ਟੀ ਐੱਫ) ਨੇ ਪਾਕਿਸਤਾਨ ਨੂੰ ਗ੍ਰੇ-ਲਿਸਟ ਵਿੱਚ ਸ਼ਾਮਲ ਕਰਦੇ ਸਮੇਂ ਜਿਹੜੀਆਂ ਚਾਲੀ ਸਿਫਾਰਸ਼ਾਂ ਕੀਤੀਆਂ ਸਨ, ਵਿੱਚੋਂ ਉਸ ਨੇ ਸਿਰਫ ਇਕ ਨਿਭਾਈ ਹੈ। ਪਾਕਿ-ਸਤਾਨ ਅੱਤਵਾਦੀਆਂ ਵਿਰੁੱਧ ਕਾਰਵਾਈ ਕਰਨ ਵਿੱਚ ਨਾਕਾਮ ਰਿਹਾ ਹੋਣ ਕਾਰਨ ਉਸ ਦੇ ਬਲੈਕ ਲਿਸਟ ਹੋਣ ਦਾ ਖਤਰਾ ਹੈ। ਇਸ ਦੇਸ਼ ਵਿੱਚ ਮਨੀ ਲਾਂਡਰਿੰਗ ਅਤੇ ਅੱਤਵਾਦ ਲਈ ਫੰਡਿੰਗ ਜਾਰੀ ਰਹਿਣ ਦਾ ਵੱਡਾ ਖਤਰਾ ਹੈ।




ਗ੍ਰੇ-ਲਿਸਟ ਵਿੱਚ ਪਾਕਿਸਤਾਨ ਨੂੰ ਬਰਕਰਾਰ ਰੱਖਣ ਜਾਂ ਬਾਹਰ ਕੱਢਣ ਬਾਰੇ ਫੈਸਲੇ ਲਈ ਹੋਣ ਵਾਲੀ ਬੈਠਕ ਤੋਂ 10 ਦਿਨ ਪਹਿਲਾਂ ਏਸ਼ੀਆ ਪੈਸੇਫਿਕ ਗਰੁੱਪ ਨੇ 228 ਪੰਨਿਆਂ ਵਾਲੀ ਲੰਬੇ ਸਮੇਂ ਤੋਂ ਉਡੀਕੀ ਜਾ ਰਹੀ ਰਿਪੋਰਟ ਜਾਰੀ ਕੀਤੀ ਹੈ। ਇਸ ਵਿੱਚ ਪਾਕਿ ਦਾ ਖਰਾਬ ਪ੍ਰਦਰਸ਼ਨ ਦੱਸਿਆ ਗਿਆ ਹੈ। ਪਾਕਿਸਤਾਨ ਨੇ ਪਿਛਲੇ ਮਹੀਨੇ ਤੱਕ ਇਸ ਕਾਰਜ ਯੋਜਨਾ ਨੂੰ ਪੂਰਾ ਕਰਨਾ ਸੀ, ਜੋ ਨਹੀਂ ਕੀਤੀ ਗਈ। ਰਿਪੋਰਟ ਮੁਤਾਬਕ ਚਾਲੀ ਸਿਫਾਰਸ਼ਾਂ ਵਿੱਚੋਂ ਨੌਂ ਵਾਸਤੇ ਪਾਕਿ ਨੇ ਕੁਝ ਹੱਦ ਤੱਕ ਕੰਮ ਕੀਤਾ ਅਤੇ 26 ਹੋਰਨਾਂ ਉੱਤੇ ਮਾਮੂਲੀ ਕੰਮ ਹੋਇਆ, ਪਰ ਚਾਰ ਸਿਫਾਰਸ਼ਾਂ ਉੱਤੇ ਬਿਲਕੁਲ ਹੀ ਕੰਮ ਨਹੀਂ ਕੀਤਾ ਗਿਆ। ਪਾਕਿਸਤਾਨ ਵਿੱਚ ਅੱਤਵਾਦ ਲਈ ਫੰਡਿੰਗ ਦਾ ਗੰਭੀਰ ਖਤਰਾ ਹੈ। ਇਸ ਦੌਰਾਨ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਵਿੱਚ ਵੱਲੋਂ ਐੱਫ ਏ ਟੀ ਐੱਫ ਬਾਰੇ ਦਿੱਤੇ ਗਏ ਬਿਆਨ ਉੱਤੇ ਪਾਕਿਸਤਾਨ ਕਲਪ ਉਠਿਆ ਹੈ। ਉਸ ਦੇ ਵਿਦੇਸ਼ ਮੰਤਰ-ਾਲਾ ਨੇ ਕੱਲ੍ਹ ਬਿਆਨ ਜਾਰੀ ਕਰ ਕੇ ਕਿਹਾ ਕਿ ਰਾਜਨਾਥ ਸਿੰਘ ਦਾ ਬਿਆਨ ਐੱਫ ਏ ਟੀ ਐੱਫ ਦੀ ਕਾਰਵਾਈ ਨੂੰ ਸਿਆਸੀ ਰੰਗ ਦੇਣ ਦਾ ਭਾਰਤ ਦਾ ਯਤਨ ਹੈ।

## ਐਸ ਡੀ ਬੀ ਘੋਟਾਲੇ ਵਿਚ ਮਲੇਸ਼ੀਆ ਸਾਬਕਾ ਪ੍ਰਧਾਨ ਮੰਤਰੀ ਦੇ ਭਰਾ ਅਤੇ ਹੋਰਾਂ ਨੂੰ 10 ਕਰੋੜ ਡਾਲਰ ਜੁਰਮਾਨਾ

ਕੁਆਲਾਲੰਪੁਰ, 8 ਅਕਤੂਬਰ (ਪੋਸਟ ਬਿਊਰੋ)- ਮਲੇਸ਼ੀਆ ਐਸੇਂਸੀਆਂ ਨੇ ਇੱਕ ਐਸ ਡੀ ਬੀ ਭ੍ਰਿਸ਼ਟਾਚਾਰ ਕੇਸ ਨਾਲ ਜੁੜੇ ਲੋਕਾਂ ਦੇ ਖਿਲਾਫ ਜਾਂਚ ਦਾ ਘੇਰਾ ਵਧਾਉਂਦੇ ਹੋਏ 80 ਯੂਨਿਟਾਂ ਉੱਤੇ ਕਰੀਬ 10 ਕਰੋੜ ਡਾਲਰ ਜੁਰਮਾਨਾ ਲਾਇਆ ਹੈ। ਇਸ ਵਿੱਚ ਮਲੇਸ਼ੀਆਂ ਦੇ ਸਾਬਕ ਪ੍ਰਧਾਨ ਮੰਤਰੀ ਦੇ ਭਰਾ ਨਜ਼ੀਰ ਰਜਾਕ ਵੀ ਸ਼ਾਮਲ ਹੈ।



ਮਿਲੀ ਜਾਣਕਾਰੀ ਅਨੁਸਾਰ ਮਲੇਸ਼ੀਆਂ ਦੇ ਭ੍ਰਿਸ਼ਟਾਚਾਰ-ਵਿਰੋਧੀ ਕਮਿਸ਼ਨ ਦੀ ਪ੍ਰਮੁੱਖ ਨੇ ਬੀਤੀ ਦਿਨੀ ਇਹ ਗੱਲ ਕਹੀ। ਇਹ ਜੁਰਮਾਨਾ ਸਰਕਾਰੀ ਵਿੱਚੋਂ 2009-2014 ਵਿਚਾਲੇ ਲੁੱਟੇ ਗਏ ਅਰਬਾਂ ਡਾਲਰ ਦੀ ਜਾਂਚ ਨਾਲ ਜੁੜਿਆ ਹੈ। ਇਨ੍ਹਾਂ ਪੈਸਿਆ ਨੂੰ ਯਾਟ ਤੋਂ ਲੈ ਕੇ ਮਹਿੰਗੀ ਕਲਾਕ੍ਰਿਤੀ ਖਰੀਦਣ ਤੱਕ 'ਤੇ ਖਰਚ ਕੀਤਾ ਗਿਆ ਹੈ। ਮਲੇਸ਼ੀਆ ਦੇ ਸਾਬਕ ਪ੍ਰਧਾਨ ਮੰਤਰੀ ਉਤੇ ਵੀ ਇਸ ਘੋਟਾਲੇ ਵਿੱਚ ਸ਼ਾਮਲ ਹੋਣ ਦਾ ਦੋਸ਼ ਹੈ।

ਮਲੇਸ਼ੀਆਂ ਭ੍ਰਿਸ਼ਟਾਚਾਰ-ਰੋਕੂ ਕਮਿਸ਼ਨ ਦੀ ਪ੍ਰਮੁੱਖ ਲਾਤੀਫਾ ਕੋਇਆ ਨੇ ਦੱਸਿਆ ਹੈ ਕਿ ਏਜੈਂਸੀ ਨੂੰ 80 ਲੋਕਾਂ, ਕੰਪਨੀਆਂ ਅਤੇ ਰਾਜਨੀਤਿਕ ਦਲਾਂ ਤੋਂ 10 ਕਰੋੜ ਡਾਲਰ ਦੀ ਵਸੂਲੀ ਦੀ ਆਸ ਹੈ। ਇਸ ਵਿੱਚ ਸਾਬਕ ਪ੍ਰਧਾਨ ਮੰਤਰੀ ਨਜ਼ੀਬ ਰਜਾਕ ਦੇ ਛੋਟੇ ਭਰਾ ਨਜ਼ੀਰ ਰਾਜਕ ਵੀ ਸ਼ਾਮਲ ਹੈ। ਲਤੀਫਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਨਜ਼ੀਰ ਮਲੇਸ਼ੀਆ ਦੇ ਦੂਸਰੇ ਸਭ ਤੋਂ ਵੱਡੇ ਬੈਂਕ ਸੀ ਆਈ ਐਮ ਬੀ ਗਰੁੱਪ ਹੋਲਡਿੰਗਸ ਦੇ ਚੇਅਰਮੈਨ ਸੀ। ਦਸੰਬਰ 2018 ਵਿੱਚ ਉਨ੍ਹਾਂ ਨੇ ਬੈਂਕ ਛੱਡ ਦਿੱਤਾ ਸੀ। ਇਨ੍ਹਾਂ ਲੋਕਾਂ ਅਤੇ ਇਕਾਈਆਂ 'ਤੇ ਨਜ਼ੀਬ ਨਾਲ ਜੁੜੇ ਖਾਤੇ ਨਾਲ ਪੈਸੇ ਕੱਢਣ ਦਾ ਦੋਸ਼ ਹੈ।

## ਹੁਣ ਮਾਪਿਆਂ ਨੂੰ ਨਿਊਜ਼ੀਲੈਂਡ ਪੱਕੇ ਤੌਰ 'ਤੇ ਬੁਲਾਉਣਾ ਔਖਾ ਹੋਇਆ




ਆਕਲੈਂਡ, 8 ਅਕਤੂਬਰ (ਪੋਸਟ ਬਿਊਰੋ)- ਨਿਊਜ਼ੀਲੈਂਡ 'ਚ ਮਾਪਿਆਂ ਨੂੰ ਪੱਕੇ ਤੌਰ 'ਤੇ ਬੁਲਾਉਣਾ ਬਹੁਤ ਵੱਡੀ ਗਿਣਤੀ ਪ੍ਰਵਾਸੀਆਂ ਲਈ ਸ਼ਾਇਦ ਸੁਪਨਾ ਹੀ ਰਹਿ ਜਾਵੇਗਾ, ਕਿਉਂਕਿ ਕੱਲ੍ਹ ਨਿਊਜ਼ੀਲੈਂਡ ਦੇ ਇਮੀਗ੍ਰੇਸ਼ਨ ਮੰਤਰੀ ਲੀਸ ਗੋਲਾਵੇ ਨੇ ਪਿਛਲੇ ਪੰਜ ਸਾਲ ਤੋਂ ਬੰਦ ਕੀਤੀ ਮਾਪਿਆਂ ਨੂੰ ਪੱਕੇ ਤੌਰ 'ਤੇ ਬੁਲਾਉਣ ਦੀ ਕੈਟਾਗਰੀ ਨੂੰ ਮੁੜ ਖੋਲ੍ਹਣ ਦਾ ਐਲਾਨ ਕਰ ਦਿੱਤਾ ਪਰ ਨਾਲ ਨਵੇਂ ਨਿਯਮ ਵੀ ਲਾਗੂ ਕਰ ਦਿੱਤੇ ਹਨ। ਨਵੇਂ ਜਾਰੀ ਕੀਤੇ ਨਿਯਮਾਂ 'ਚ ਚਾਰ ਕਿਸਮ ਦੀਆਂ ਤਜਵੀਜ਼ਾਂ ਰੱਖੀਆਂ ਗਈਆਂ ਹਨ, ਜਿਨ੍ਹਾਂ ਤਹਿਤ ਜੇਕਰ ਇੱਕ ਵਿਅਕਤੀ (ਅਣਵਿਆਹਿਆ ਜਾਂ ਇਕੱਲਾ) ਆਪਣੇ ਮਾਤਾ ਜਾਂ ਪਿਤਾ (ਦੋਵਾਂ 'ਚੋਂ ਇੱਕ) ਨੂੰ ਬੁਲਾਉਣਾ ਚਾਹੁੰਦਾ ਹੈ ਤਾਂ ਉਸ ਦੀ ਸਾਲਾਨਾ ਆਮਦਨ 1 ਲੱਖ 6 ਹਜ਼ਾਰ 80 ਡਾਲਰ ਹੋਣੀ ਚਾਹੀਦੀ ਹੈ ਅਤੇ ਜੇ ਉਹ ਦੋਵਾਂ ਮਾਤਾ-ਪਿਤਾ ਨੂੰ ਬੁਲਾਉਣਾ ਚਾਹੁੰਦਾ ਹੈ ਤਾਂ ਉਸ ਦੀ ਆਮਦਨ 1 ਲੱਖ 59 ਹਜ਼ਾਰ 120 ਡਾਲਰ ਚਾਹੀਦੀ ਹੈ। ਇਸੇ ਤਰ੍ਹਾਂ ਜੇਕਰ ਇੱਕ ਜੋੜਾ (ਵਿਆਹੇ ਹੋਏ) ਆਪਣੇ ਮਾਪਿਆਂ 'ਚੋਂ ਇੱਕ ਨੂੰ ਬੁਲਾਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਦੀ ਆਮਦਨ 1 ਲੱਖ 59 ਹਜ਼ਾਰ 120 ਡਾਲਰ ਤੇ ਦੋਵੇਂ ਮਾਂ-ਪਿਓ ਲਈ ਇਹ 2 ਲੱਖ 12 ਹਜ਼ਾਰ 160 ਡਾਲਰ ਸਾਲਨਾ ਹੋਣੀ ਚਾਹੀਦੀ ਹੈ। ਇਮੀਗ੍ਰੇਸ਼ਨ ਮੰਤਰੀ ਅਨੁਸਾਰ ਜਿਹੜੇ ਲੋਕਾਂ ਨੇ ਆਪਣੇ ਮਾਪਿਆਂ ਦੇ ਪੱਕੇ ਵੀਜ਼ੇ ਲਈ ਅਰਜ਼ੀਆਂ ਪਹਿਲਾਂ ਪਾਈਆਂ ਹੋਈਆਂ ਹਨ, ਇਹ ਨਵੇਂ ਨਿਯਮ ਉਨ੍ਹਾਂ 'ਤੇ ਵੀ ਲਾਗੂ ਹੋਣਗੇ ਜਾਂ ਇਸ ਸਾਲਾਨਾ ਆਮਦਨ ਦੇ ਘੇਰੇ ਨੂੰ ਪਾਰ ਕਰਨਗੇ, ਉਨ੍ਹਾਂ ਨੂੰ ਹੀ ਵੀਜ਼ੇ ਮਿਲਣਗੇ। ਮੰਤਰੀ ਅਨੁਸਾਰ ਇਸ਼ ਨੀਤੀ ਤਹਿਤ 1000 ਮਾਪਿਆਂ ਨੂੰ ਨਿਊਜ਼ੀਲੈਂਡ 'ਚ ਸਥਾਈ ਨਾਗਰਿਕਤਾ ਮਿਲ ਸਕੇਗੀ। ਕੱਲ੍ਹ ਇਸ ਐਲਾਨ ਤੋਂ ਬਾਅਦ ਪ੍ਰਵਾਸੀ ਖਾਸ ਕਰ ਭਾਰਤੀ ਅਤੇ ਪੰਜਾਬੀ ਭਾਈਚਾਰੇ 'ਚ ਵੱਡਾ ਰੋਸ ਵੇਖਣ ਨੂੰ ਮਿਲਿਆ ਹੈ।

### ਆਕਾਸ਼ ਗੰਗਾ ਦੇ ਕੇਂਦਰ ਵਿੱਚ ਤੀਹ ਲੱਖ ਸਾਲ ਪਹਿਲਾਂ ਹੋਇਆ ਸੀ ਧਮਾਕਾ

ਮੈਲਬਰਨ, 8 ਅਕਤੂਬਰ (ਪੋਸਟ ਬਿਊਰੋ)- ਸਾਡੀ ਆਕਾਸ਼ਗੰਗਾ ਦੇ ਕੇਂਦਰ ਵਿੱਚ ਬਲੈਕ ਹੋਲ ਨੇੜੇ ਤੀਹ ਲੱਖ ਸਾਲ ਪਹਿਲਾਂ ਊਰਜਾ ਦਾ ਧਮਾਕਾ ਹੋਇਆ ਸੀ, ਜਿਸ ਦਾ ਪਤਾ ਲਾਇਆ ਗਿਆ ਹੈ। ਇੱਕ ਅਧਿਐਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਸ ਪੁਲਾੜੀ ਘਟਨਾ ਦੇ ਸਮੇਂ ਤੱਕ ਅਫਰੀਕਾ ਵਿੱਚ ਮਨੁੱਖ ਦੇ ਵੱਡਿਆਂ ਨੇ ਦਸਤਕ ਦੇ ਦਿੱਤੀ ਸੀ। ਐਸਟ੍ਰੋਫਿਜ਼ੀਕਲ ਰਸਾਲੇ ਵਿੱਚ ਛਪੇ ਅਧਿਐਨ ਮੁਤਾਬਕ ਇਸ ਘਟਨਾ ਦੇ ਕਾਰਨ ਆਕਾਸ਼ਗੰਗਾ ਦੇ ਦੋਵਾਂ ਧਰੁਵਾਂ ਰਾਹੀਂ ਅਤੇ ਬਾਹਰੀ ਪੁਲਾੜ ਵਿੱਚ ਕੋਣ ਦੇ ਆਕਾਰ 'ਚ ਵਿਕਿਰਨ ਦਾ ਪ੍ਰਵਾਹ ਹੋਇਆ ਸੀ। ਇਸ ਘਟਨਾ ਨੂੰ ਸੇਫਰਟ ਫਲੇਅਰ ਕਿਹਾ ਜਾਂਦਾ ਹੈ। ਖੋਜਕਾਰਾਂ ਨੇ ਪਾਇਆ ਕਿ ਇਸ ਤੋਂ ਨਿਕਲੀ ਰੋਸ਼ਨੀ ਇੰਨੀ ਜ਼ਿਆਦਾ ਸ਼ਕਤੀਸ਼ਾਲੀ ਸੀ ਕਿ ਇਸ ਦਾ ਅਸਰ ਮੈਗੇਲੈਨਿਕ ਸਟਰੀਮ 'ਤੇ ਵੀ ਪਿਆ।

## ਆਰਥਿਕ ਸੁਸਤੀ ਕਾਰਨ ਐਚ ਐਸ ਬੀ ਸੀ 10,000 ਹੋਰ ਕਰਮਚਾਰੀ ਨੌਕਰੀਓਂ ਕੱਢੇਗਾ

ਹਾਂਗਕਾਂਗ, 8 ਅਕਤੂਬਰ (ਪੋਸਟ ਬਿਊਰੋ)- ਕੌਮਾਂਤਰੀ ਆਰਥਿਕ ਸੁਸਤੀ ਦਾ ਅਸਰ ਰੋਜ਼ਗਾਰ 'ਤੇ ਸਾਫ ਦਿੱਸਣ ਲੱਗਾ ਹੈ। ਕੌਮਾਂਤਰੀ ਬੈਂਕਿੰਗ ਕੰਪਨੀ ਐੱਚ ਐੱਸ ਬੀ ਸੀ 10,000 ਹੋਰ ਲੋਕਾਂ ਨੂੰ ਨੌਕਰੀ ਤੋਂ ਕੱਢਣ ਲੱਗੀ ਹੈ। ਕੁਝ ਹਫਤੇ ਪਹਿਲਾਂ ਇਸ ਬੈਂਕ ਦੇ ਸੀ ਈ ਓ ਨੇ ਅਹੁਦਾ ਛੱਡਿਆ ਸੀ ਅਤੇ ਕਮਜ਼ੋਰ ਗਲੋਬਲ ਆਊਟਲੁੱਕ ਦਾ ਹਵਾਲਾ ਦਿੰਦਿਆਂ ਚਾਰ ਹਜ਼ਾਰ ਲੋਕਾਂ ਨੂੰ ਨੌਕਰੀ ਤੋਂ ਕੱਢਣ ਦਾ ਐਲਾਨ ਕੀਤਾ ਸੀ। ਬੈਂਕ ਦਾ ਹੈਡਕੁਆਰਟਰ ਲੰਡਨ 'ਚ ਹੈ।




ਇੱਕ ਰਿਪੋਰਟ ਮੁਤਾਬਕ ਬੈਂਕ ਨੂੰ ਘਟਦੀ ਵਿਆਜ ਦਰ, ਬ੍ਰੈਗਜ਼ਿਟ ਅਤੇ ਲੰਮੀ ਖਿੱਚੀ ਜਾ ਰਹੀ ਟ੍ਰੇਡ ਵਾਰ ਨਾਲ ਨਜਿੱਠਣ 'ਚ ਮੁਸ਼ਕਲ ਹੋ ਰਹੀ ਹੈ। ਇਸ ਬੈਂਕ ਦੇ ਨਵੇਂ ਮੁਖੀ ਨੋਏਲ ਕਵਿਨ ਖਰਚਾ ਘਟਾਉਣ ਦੀ ਮੁਹਿੰਮ ਚਲਾ ਰਹੇ ਹਨ। ਇਸ ਮੁਹਿੰਮ ਹੇਠ 10,000 ਹੋਰ ਲੋਕਾਂ ਨੂੰ ਨੌਕਰੀ ਤੋਂ ਕੱਢਿਆ ਜਾਵੇਗਾ। ਪਿਛਲੇ ਮਹੀਨੇ ਜਰਮਨੀ ਦੇ ਦੂਜੇ ਸਭ ਤੋਂ ਵੱਡੇ ਬੈਂਕ ਕਾਮਰਸ ਬੈਂਕ ਨੇ ਕਿਹਾ ਸੀ ਕਿ ਉਹ 4300 ਕੁੱਲ ਵਕਤੀ ਅਹੁਦਿਆਂ ਦੇ ਬਰਾਬਰ ਸਟਾਫ ਦੀ ਛਾਂਟੀ ਕਰੇਗਾ। ਇਹ ਗਿਣਤੀ ਉਸ ਦੇ ਕੁੱਲ ਸਟਾਫ ਦਾ 10 ਫੀਸਦੀ ਹੈ। ਬੈਂਕ ਨੇ 200 ਬਰਾਂਚਾਂ ਬੰਦ ਕਰਨ ਦਾ ਐਲਾਨ ਕੀਤਾ ਸੀ। ਨੌਕਰੀ ਤੋਂ ਕੱਢੇ ਜਾਣ ਵਾਲਿਆਂ 'ਚ ਜ਼ਿਆਦਾਤਰ ਮੋਟੀ ਤਨਖਾਹ ਲੈਣ ਵਾਲੇ ਕਰਮਚਾਰੀ ਹਨ।

ਜਾਣਕਾਰ ਸੂਤਰਾਂ ਨੇ ਕਿਹਾ ਕਿ ਅਸੀਂ ਕਈ ਸਾਲਾਂ ਤੋਂ ਜਾਣਦੇ ਹਾਂ ਕਿ ਸਾਨੂੰ ਖਰਚੇ ਦੇ ਮੋਰਚੇ ਉਤੇ ਕੁਝ ਕਰਨ ਦੀ ਜ਼ਰੂਰਤ ਹੈ ਅਤੇ ਕਰਮਚਾਰੀਆਂ ਦੀ ਤਨਖਾਹ ਖਰਚੇ ਦਾ ਸਭ ਤੋਂ ਵੱਡਾ ਹਿੱਸਾ ਹੈ। ਆਖਰ ਅਸੀਂ ਇਹ ਔਖੇ ਫੈਸਲੇ ਲੈ ਰਹੇ ਹਾਂ। ਸਵਾਲ ਇਹ ਹੈ ਕਿ ਜਦੋਂ ਏਸ਼ੀਆ ਦੇ ਕੁਝ ਹਿੱਸਿਆਂ ਵਿੱਚ ਦਹਾਈ ਅੰਕਾਂ 'ਚ ਵਾਧਾ ਦਰਜ ਕੀਤਾ ਜਾ ਰਿਹਾ ਹੈ ਤਾਂ ਯੂਰਪ ਵਿੱਚ ਇੰਨੇ ਜ਼ਿਆਦਾ ਲੋਕ ਕਿਉਂ ਕੰਮ ਕਰ ਰਹੇ ਹਨ।

ਇਸ ਬੈਂਕ ਨੇ ਪਿਛਲੇ ਮਹੀਨੇ ਸੀ ਈ ਓ ਜਾਨ ਫਲਿੰਟ ਵੱਲੋਂ ਅਹੁਦਾ ਛੱਡਣ ਦਾ ਐਲਾਨ ਕੀਤਾ ਸੀ। ਫਲਿੰਟ 18 ਮਹੀਨੇ ਹੀ ਅਹੁਦਾ 'ਤੇ ਰਹੇ। ਬੈਂਕ ਨੇ ਉਨ੍ਹਾਂ ਦੇ ਅਹੁਦਾ ਛੱਡਣ ਦੇ ਫੈਸਲੇ ਦਾ ਕਾਰਨ ਨਹੀਂ ਦੱਸਿਆ। ਉਸ ਵੇਲੇ ਬੈਂਕ ਨੇ ਕਿਹਾ ਸੀ ਕਿ ਉਹ ਕੌਮਾਂਤਰੀ ਲੇਬਰ ਫੋਰਸ ਵਿੱਚੋਂ ਦੋ ਫੀਸਦੀ ਯਾਨੀ 4000 ਲੋਕਾਂ ਨੂੰ ਨੌਕਰੀ ਤੋਂ ਕੱਢੇਗਾ, ਜਿਨ੍ਹਾਂ ਵਿੱਚ ਜ਼ਿਆਦਾਤਰ ਪ੍ਰਬੰਧਨ ਨਾਲ ਜੁੜੇ ਸਨ। ਪਹਿਲੀ ਛਿਮਾਹੀ ਵਿੱਚ ਬੈਂਕ ਨੇ ਸ਼ੁੱਧ ਲਾਭ ਵਿੱਚ 18.6 ਫੀਸਦੀ ਵਾਧਾ ਦਰਜ ਕੀਤਾ ਹੈ। ਤੀਜੀ ਤਿਮਾਹੀ ਦੇ ਨਤੀਜੇ ਬੈਂਕ ਇਸ ਮਹੀਨੇ ਐਲਾਨਣ ਵਾਲਾ ਹੈ।

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

## ਪੰਜਾਬੀ ਰੇਡੀਓ ਹੋਸਟ ਗੁੱਡੀ ਸਿੱਧੂ ਦੀ ਸੜਕ ਹਾਦਸੇ 'ਚ ਮੌਤ



ਫਰਿਜ਼ਨੋ, 8 ਅਕਤੂਬਰ (ਪੋਸਟ ਬਿਊਰੋ)- ਬੀਤੀ ਦਿਨੀ ਨੂੰ ਫਰਿਜ਼ਨੋ ਦੀ ਮਾਣੀ ਮੱਤੀ ਸ਼ਖਸ਼ੀਅਤ ਉਘੀ ਰੇਡੀਓ ਹੋਸਟ ਗੁੱਡੀ ਸਿੱਧੂ ਫਰਿਜ਼ਨੋ 'ਚ ਹੋਏ ਇੱਕ ਸੜਕ ਹਾਦਸੇ ਦੌਰਾਨ ਸਦੀਵੀ ਵਿਛੋੜਾ ਦੇ ਗਏ।

ਪਤਾ ਲੱਗਾ ਹੈ ਕਿ ਗੁੱਡੀ ਸਿੱਧੂ ਗੁਰ-ਦੁਵਾਰਾ ਸਿੰਘ ਸਭਾ ਤੋਂ ਦੁਪਹਿਰ ਦੇ ਦੀਵਾਨ ਮਗਰੋਂ ਕਾਰ ਲੈ ਕੇ ਨਿਕਲੇ ਸਨ। ਇਸ ਤੋਂ ਬਾਅਦ ਉਨ੍ਹਾਂ ਆਪਣੇ ਰੇਡੀਓ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਜਾਣਾ ਸੀ। ਥੋੜ੍ਹੀ ਦੂਰ ਉਨ੍ਹਾਂ ਦੀ ਕਾਰ ਬੇਕਾਬੂ ਹੋ ਕੇ ਬਿਜਲੀ ਦੇ ਖੰਭੇ ਨਾਲ ਟਕਰਾ ਕੇ ਪਲਟ ਗਈ। ਗੁੱਡੀ ਸਿੱਧੂ ਦੀ ਮੌਕੇ ਉਤੇ ਮੌਤ ਹੋ ਗਈ। ਗੁੱਡੀ ਸਿੱਧੂ ਲੰਮੇ ਸਮੇਂ ਤੋਂ ਪੰਜਾਬੀ ਭਾਈਚਾਰੇ 'ਚ ਆਪਣੀਆਂ ਸੇਵਾਵਾਂ ਸਦਕਾ ਇੱਕ ਮੋਹਰੀ ਮਹਿਲਾ ਲੀਡਰ ਵਜੋਂ ਵਿਚਰ ਰਹੇ ਸਨ। ਉਹ ਫਰਿਜ਼ਨੋ ਦੀ ਪਹਿਲੀ ਔਰਤ ਸੀ ਜਿਸ ਨੇ ਗੁਰਪ੍ਰੀਤ ਮਾਨ ਨਾਲ ਰਲ ਕੇ ਪਹਿਲਾ ਪੰਜਾਬੀ ਟੀ ਵੀ ਪ੍ਰੋਗਰਾਮ ਸ਼ੁਰੂ ਕੀਤਾ ਸੀ। ਇਸ ਤੋਂ ਇਲਾਵਾ ਫਰਿਜ਼ਨੋ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਪੰਜਾਬੀ ਸਕੂਲ ਸ਼ੁਰੂ ਕਰਨ ਤੋਂ ਅੱਜ ਤੱਕ ਸਫਲ ਬਣਾਉਣ 'ਚ ਬਹੁਤ ਮਿਹਨਤ ਕਰਦੇ ਰਹੇ ਸਨ। ਗੁੱਡੀ ਸਿੱਧੂ ਫਰਿਜ਼ਨੋ 'ਚ ਲੱਗਭਗ ਪਿਛਲੇ 25 ਸਾਲ ਤੋਂ ਹਰ ਸਾਲ 'ਤੀਆਂ ਦਾ ਮੇਲਾ' ਲਾਉਂਦੇ ਆਏ ਸਨ। ਗੁਰਦੁ-ਆਰਾ ਸਿੰਘ ਸਭਾ ਫਰਿਜ਼ਨੋ ਦੀ ਪ੍ਰਬੰਧਕ ਕਮੇਟੀ 'ਚ ਵੀ ਸੇਵਾਵਾਂ ਨਿਭਾਉਂਦੇ ਆ ਰਹੇ ਸਨ।

ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?



Anabela Serra
Sales Representative
ਸੰਪਰਕ ਕਰੋ:
416-400-5825
ROYAL LEPAGE
SUPREME REALTY, BROKERAGE*
*INDEPENDENTLY OWNED AND OPERATED

63 Talbot Street / BRAMPTON $729,900



Stunningly Fully & Tastefully Renovated 3+1 Bedrooms, 3 Bathrooms, Home In The City Of Brampton. Step Right In To Your Foyer Entryway With A Great Size Stone Accent Wall. Enjoy A Relaxing And Romantic Evening, Sitting By The Fire, Watching A Movie, Or Even Just Listening To Music. Open Concept Living And Dining Room. Great Size Backyard For Your Entertainment. Located Near The Go Train, Transportation,

12 Bluffmeadow Street / BRAMPTON $989,000



Welcome To Model Like Home -12 Bluffmeadow Street. 4 Bedroom, 3 Bathroom Family Home With Dark Stained Hardwood Flooring Throughout And Dark Stained Oak Staircase. Gourmet Kitchen With Granite Counter Tops, Island And Breakfast Bar Area. Second Floor Nook, Open Concept, Can Be Used In Multiple Ways; Office, Play Area, And/Or Your Reading Place. Enjoy A Relaxing Bath In Your Own Ensuite Jacuzzi Tub.

For More listings Visit anabelaserra.com

MICHELIN HANKOOK Continental BF Goodrich ROADLUX AEOLUS COMPASAL Chevron Delo
Special OIL CHANGE Rates

BEST TRUCK REPAIR & TIRE CENTRE

We also Specialize in Engine, AC, Transmission, Differential Rebuild, Safety Inspection & All Kinds of Electric Work

ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ
SPECIAL ON TRUCK ALIGNMENT | BRAND NEW MACHINES 2018

Brake & Drum -Made in U.S - On Special Sale!
Special Sale 4 CAT Batteries $550 with Installation

Special Sale on Smartway Approved Tires $245 each
4 Mechanics Needed Urgently
www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲਾ
30 Truck Parking Also Available!

1715 Sismet Rd, Mississauga | Call Ranjit: 416.624.8351 | Tel: 905.625.0055

# ਵਰਲਡ ਕੈਸਰ ਕੇਅਰ ਫਾਉਡੇਸ਼ਨ ਨੇ ਸਿਵਲ ਹਸਪਤਾਲ ਮੋਗਾ ਨੂੰ ਮ੍ਰਿਤਕ ਦੇਹਾਂ ਸੰਭਾਲਣ ਵਾਲਾ ਫਰਿਜ਼ਰ ਕੀਤਾ ਦਾਨ



ਮੋਗਾ, 8 ਅਕਤੂਬਰ (ਗਿਆਨ ਸਿੰਘ): ਵਰਲਡ ਕੈਸਰ ਕੇਅਰ ਫਾਉਡੇਸ਼ਨ ਦੇ ਗਲੋਬਲ ਐਮਬੈਸਡਰ ਕੁਲਵੰਤ ਸਿੰਘ ਧਾਲੀਵਾਲ ਵੱਲੋ ਅੱਜ ਮੋਗਾ ਦੇ ਸਿਵਲ ਹਸਪਤਾਲ ਨੂੰ ਚਾਰ ਮ੍ਰਿਤਕ ਦੇਹਾਂ ਸੰਭਾਲਣ ਵਾਲਾ ਫਰਿਜਰ ਦਾਨ ਵਜੋ ਦਿੱਤਾ ਗਿਆ, ਜਿਸਦੀ ਕੀਮਤ ਲਗਭਗ 4.5 ਲੱਖ ਰੁਪਏ ਦੇ ਕਰੀਬ ਹੈ। ਇਸ ਫਰਜ਼ਿਰ ਦਾ ਉਦਘਾਟਨ ਅੱਜ ਡਿਪਟੀ ਕਮਿਸ਼ਨਰ ਮੋਗਾ ਸੰਦੀਪ ਹੰਸ ਵੱਲੋ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਨਾਲ ਉਪ ਮੰਡਲ ਮੈਜਿਸਟ੍ਰੇਟ ਮੋਗਾ ਨਰਿੰਦਰ ਸਿੰਘ ਧਾਲੀਵਾਲ ਅਤੇ ਸੀਨੀਅਰ ਮੈਡੀਕਲ ਅਫ਼ਸਰ ਰਜੇਸ਼ ਕੁਮਾਰ ਵੀ ਮੌਜੂਦ ਸਨ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਵਰਲਡ ਕੈਸਰ ਕੇਅਰ ਫਾਉਡੇਸ਼ਨ ਦੇ ਗਲੋਬਲ ਐਮਬੈਸਡਰ ਕੁਲਵੰਤ ਸਿੰਘ ਧਾਲੀਵਾਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਿਵਲ ਹਸਪਤਾਲ ਨੂੰ ਇਸ ਫਰਿਜ਼ਰ ਦੀ ਬੜੀ ਜਰੂਰਤ ਸੀ, ਕਿਉਕਿ ਇਥੇ ਚਾਰ ਮ੍ਰਿਤ ਦੇਹਾਂ ਸੰਭਾਲਣ ਦਾ ਹੀ ਪ੍ਰਬੰਧ ਸੀ ਅਤੇ ਕਈ ਵਾਰ ਸਿਵਲ ਹਸਪਤਾਲ ਦੇ ਅਧਿਕਾਰੀਆਂ ਵੱਲੋ ਮ੍ਰਿਤਕ ਦੇਹਾਂ ਸੰਭਾਲਣ ਲਈ ਇਨ੍ਹਾਂ ਨੂੰ ਸਿੰਘਾਂਵਾਲਾ ਵਿਖੇ ਭੇਜਣਾ ਪੈਦਾ ਸੀ। ਉਨ੍ਹਾਂ ਕਿਹਾ ਕਿ ਕੁਲਵੰਤ ਸਿੰਘ ਵੱਲੋ ਆਪਣੇ ਦਿੱਤੇ ਵਡਮੁੱਲੇ ਯੋਗਦਾਨ ਸਦਕਾ ਸਿਵਲ ਹਸਪਤਾਲ ਦੀਆਂ ਸੇਵਾਵਾਂ ਵਿੱਚ ਸੁਧਾਰ ਹੋਇਆ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇ ਵਿੱਚ ਅਜਿਹੇ ਸਮਾਜਸੇਵੀਆਂ ਦੀ ਬੜੀ ਜਰੂਰਤ ਹੈ, ਜੋ ਗਰੀਬਾਂ ਅਤੇ ਲੋੜਵੰਦਾਂ ਦੀ ਸਹਾਇਤਾ ਲਈ ਹਮੇਸ਼ਾ ਹੀ ਤਤਪਰ ਰਹਿੰਦੇ ਹਨ।

ਕੁਲਵੰਤ ਸਿੰਘ ਧਾਲੀਵਾਲ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਨੂੰ ਮੰਦਰਾਂ ਅਤੇ ਗੁਰਦੁਆਰਿਆਂ ਵਿੱਚ ਦਾਨ ਕਰਨ ਨਾਲੋ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਦਾਨ ਕਰਨਾ ਚਾਹੀਦਾ ਹੈ ਤਾਂ ਜੋ ਸਮਾਜ ਦੇ ਲੋੜਵੰਦ ਅਤੇ ਗਰੀਬ ਵਿਅਕਤੀਆਂ ਦਾ ਵੱਧ ਤੋ ਵੱਧ ਭਲਾ ਹੋ ਸਕੇ। ਉਨ੍ਹਾਂ ਦੱਸਿਆ ਕਿ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਕੀਤਾ ਦਾਨ ਸਭ ਤੋ ਉਤਮ ਦਾਨ ਹੁੰਦਾ ਹੈ ਕਿਉਕਿ ਸਰਕਾਰ ਦੇ ਇਨ੍ਹਾਂ ਦੋ ਖੇਤਰਾਂ ਦੀ ਗਰੀਬਾਂ ਅਤੇ ਲੋੜਵੰਦਾਂ ਨੂੰ ਸਭ ਤੋ ਵੱਧ ਜਰੂਰਤ ਪੈਦੀ ਹੈ।

ਇਸ ਮੌਕੇ ਸੀਨੀਅਰ ਮੈਡੀਕਲ ਅਫ਼ਸਰ ਰਜੇਸ਼ ਅਤਰੀ, ਪੀ.ਸੀ.ਐਮ.ਐਸ. ਦੇ ਚੇਅਰਮੈਨ ਡਾ. ਗਗਨਦੀਪ ਸਿੰਘ, ਡੀ.ਐਮ.ਸੀ. ਡਾ. ਅਰਵਿੰਦਰਪਾਲ ਸਿੰਘ ਗਿੱਲ, ਨਗਰ ਸੁਧਾਰ ਟਰਸਟ ਦੇ ਚੇਅਰਮੈਨ ਵਿਨੋਦ ਬਾਂਸਲ, ਦਵਿੰਦਰਪਾਲ ਰਿੰਪੀ, ਰਵਿੰਦਰ ਗੋਇਲ, ਐਸ.ਕੇ. ਬਾਂਸਲ, ਰੁਪੇਸ਼ ਮਜੀਠੀਆ, ਡਾ. ਰਜੇਸ਼ ਮਿੱਤਲ, ਡਾ. ਅਸ਼ੋਕ ਸਿੰਗਲਾ, ਡਾ. ਅਸ਼ਵਨੀ, ਡਾ. ਚਰਨਪ੍ਰੀਤ ਸਿੰਘ, ਡਾ. ਸੰਜੀਵ ਜੈਨ ਅਤੇ ਏ.ਐਨ.ਐਮ. ਸਕੂਲ ਦੇ ਵਿਦਿਆਰਥੀ ਤੋ ਇਲਾਵਾ ਹੋਰ ਅਧਿਕਾਰੀ ਵੀ ਮੌਜੂਦ ਸਨ।

# ਸਾਨੀਆ ਮਿਰਜ਼ਾ ਦੀ ਭੈਣ ਦਾ ਅਜ਼ਹਰੂਦੀਨ ਦੇ ਬੇਟੇ ਨਾਲ ਵਿਆਹ ਹੋਵੇਗਾ



ਨਵੀਂ ਦਿੱਲੀ, 8 ਅਕਤੂਬਰ (ਪੋਸਟ ਬਿਊਰੋ)- ਭਾਰਤੀ ਟੈਨਿਸ ਸਟਾਰ ਸਾਨੀਆ ਮਿਰਜ਼ਾ ਨੇ ਪੁਸ਼ਟੀ ਕੀਤੀ ਹੈ ਕਿ ਉਨ੍ਹਾਂ ਦੀ ਭੈਣ ਅਤੇ ਫੈਸ਼ਨ ਸਟਾਈਲਿਸਟ ਅਨਮ ਮਿਰਜ਼ਾ ਦਾ ਵਿਆਹ ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਮੁਹੰਮਦ ਅਜ਼ਹਰੂਦੀਨ ਦੇ ਬੇਟੇ ਅਸਦ ਨਾਲ ਹੋਣ ਵਾਲਾ ਹੈ।

ਇੱਕ ਅਖਬਾਰ ਨੂੰ ਦਿੱਤੇ ਬਿਆਨ 'ਚ ਸਾਨੀਆ ਨੇ ਦੱਸਿਆ ਕਿ ਉਹ (ਅਨਮ) ਦਸੰਬਰ 'ਚ ਵਿਆਹ ਕਰ ਰਹੀ ਹੈ। ਸਾਨੀਆ ਨੇ ਕਿਹਾ ਕਿ ਉਹ ਬਹੁਤ ਪਿਆਰੇ ਲੜਕੇ ਨਾਲ ਵਿਆਹ ਕਰ ਰਹੀ ਹੈ। ਉਸ ਦਾ ਨਾਂਅ ਅਸਦ ਹੈ। ਉਹ ਮੁਹੰਮਦ ਅਜ਼ਹਰੂਦੀਨ ਦਾ ਬੇਟਾ ਹੈ ਤੇ ਅਸੀਂ ਸਾਰੇ ਇਸ ਰਿਸ਼ਤੇ ਨੂੰ ਲੈ ਕੇ ਬਹੁਤ ਉਤਸ਼ਾਹਿਤ ਹਾਂ। ਸਤੰਬਰ 'ਚ ਅਨਮ ਨੇ ਆਪਣੇ ਇੰਸਟਾਗ੍ਰਾਮ ਉੱਤੇ ਇੱਕ ਤਸਵੀਰ ਸਾਂਝੀ ਕੀਤੀ ਸੀ ਜਿਸ 'ਚ ਪਿੱਛੇ ਸ਼ੀਸ਼ੇ ਉਤੇ 'ਬ੍ਰਾਇਡ ਟੂ ਬੀ' ਲਿਖਿਆ ਹੋਇਆ ਸੀ। ਇਸ ਤਸਵੀਰ ਦੇ ਸੋਸ਼ਲ ਮੀਡੀਆ 'ਤੇ ਪੋਸਟ ਕੀਤੇ ਜਾਣ ਪਿੱਛੋਂ ਮੰਨਿਆ ਜਾਣ ਲੱਗਾ ਸੀ ਕਿ ਅਸਦ ਤੇ ਅਨਮ ਜਲਦ ਹੀ ਵਿਆਹ ਕਰਵਾ ਸਕਦੇ ਹਨ। ਅਨਮ ਦਾ ਵਿਆਹ 2016 'ਚ ਹੈਦਰਾਬਾਦ ਦੇ ਬਿਜ਼ਨਸਮੈਨ ਅਕਬਰ ਰਾਸ਼ਿਦ ਨਾਲ ਹੋਇਆ ਸੀ। ਇਸ ਦੇ ਦੋ ਸਾਲ ਬਾਅਦ ਦੋਵਾਂ ਦੇ ਰਿਸ਼ਤਿਆਂ 'ਚ ਦਰਾੜ ਆ ਗਈ ਤੇ ਦੋਵਾਂ ਨੇ ਵੱਖ ਹੋਣ ਦਾ ਫੈਸਲਾ ਕੀਤਾ। ਅਨਮ ਤੇ ਅਸਦ ਬੀਤੇ ਕਾਫੀ ਸਮੇਂ ਤੋਂ ਇੱਕ-ਦੂਜੇ ਨੂੰ ਮਿਲ ਰਹੇ ਹਨ। ਦੋਵੇਂ ਸੋਸ਼ਲ ਮੀਡੀਆ 'ਤੇ ਆਪਣੀਆਂ ਤਸਵੀਰਾਂ ਸਾਂਝੀਆਂ ਕਰਦੇ ਰਹਿੰਦੇ ਹਨ। ਉਥੇ ਹੀ ਅਸਦ ਆਪਣੇ ਪਿਤਾ ਵਾਂਗ ਕ੍ਰਿਕਟਰ ਬਣਨਾ ਚਾਹੁੰਦੇ ਹਨ ਤੇ ਫਿਲਹਾਲ ਉਹ ਗੋਆ ਰਣਜੀ ਟੀਮ ਦਾ ਹਿੱਸਾ ਹਨ।

# ਠੱਗ ਏਜੰਟ ਕਪਿਲ ਸ਼ਰਮਾ ਫਰਾਰ, ਕੰਸਲਟੈਂਟ ਕੁੜੀ ਗ੍ਰਿਫਤਾਰ

